ਮਾਸਕ ਪੱਤਰ


ੴ

# ਸੂਰਾ

ਅੰਮ੍ਰਿਤਸਰ

ਗੁਰਦੁਆਰਾ ਬਾਲ ਲੀਲ੍ਹਾ, ਨਨਕਾਣਾ ਸਾਹਿਬ

NOV 1979



ਨਵੰਬਰ ੧੯੭੯

ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਬਾਲ ਅਵਸਥਾ ਵਿਚ, ਬਾਲਕਾਂ ਨਾਲ ਖੇਡਦੇ ਅਨੇਕਾਂ ਕੌਤਕ ਕਰਦੇ ਰਹੇ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਗੁਰਮਤਿ ਗੁਣਾਂ ਦੇ ਬੋਹਿਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ | ਭਾ: ਸਾ: ਰਣਧੀਰ ਸਿੰਘ ਜੀ | ੩ |
| ਕਲਜੁਗ ਦੇ ਤਾਰਨੇ ਨੂੰ ਸਤਿਗੁਰੂ ਨਾਨਕ ਆਇਆ (ਕਵਿਤਾ) | ਸ: ਮਹਿੰਦਰ ਸਿੰਘ ਜੀ ਭੰਵਰਾ | ੧੦ |
| ਗੁਰਮੁਖਿ ਮਿਸ਼ਨ | ਗਿਆਨੀ ਹਰਬੰਸ ਸਿੰਘ ਜੀ | ੧੧ |
| ਗੁਰਸਿਖ ਸੰਗਤਾਂ ਪ੍ਰਤੀ ਸੂਚਨਾ | ਜਥੇਦਾਰ ਅਖੰਡ ਕੀਰਤਨੀ ਜਥਾ | ੧੬ |
| ਬੁੱਤ ਪ੍ਰਸਤੀ ਦਾ ਰਸਤਾ ਛਡਿਆ ਜਾਏ | ਖਾਲਸਾ ਸਮਾਚਾਰ | ੧੭ |
| ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੧੯ |
| ਧਰਤੀ ਦੀ ਪੁਕਾਰ (ਕਵਿਤਾ) | ਭਾਈ ਦੇਵਾ ਸਿੰਘ ਜੀ ਕਿਰਤੀ | ੨੦ |
| ਸਭ ਤੇ ਵਡਾ ਸਤਿਗੁਰੁ ਨਾਨਕੁ (ਭਵਿਖ ਬਾਣੀਆਂ) | ਜੇ. ਪੀ. ਸੰਗਤ ਸਿੰਘ ਜੀ | ੨੧ |
| ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੧੫) | ਕੈਪਟਨ ਸਵਰਨ ਸਿੰਘ ਜੀ | ੨੯ |
| ਹਵਾਈ ਜਹਾਜ਼ ਵਿਚ ਕਿਰਪਾਨ ਸਮੇਤ ਸਫਰ | — — — | ੩੫ |
| ਧੰਮ ਧੁਜਾ ਫਹਰੰਤਿ ਸਦਾ | ਸ: ਪਸ਼ੌਰਾ ਸਿੰਘ ਜੀ | ੩੯ |


## *ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੪ ਨਵੰਬਰ*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ੨੨ ਨਵੰਬਰ    ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੋਤੀ ਜੋਤਿ ੨੪ ਨਵੰਬਰ

# 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਜਸਬੀਰ ਸਿੰਘ ਸਪੁਤਰ ਸ: ਭਗਤ ਸਿੰਘ ਘੋੜੇਵਾਹ | (ਅਨੰਦ ਕਾਰਜ ਦੀ ਖੁਸ਼ੀ ਵਿਚ) | 51-00 |
| ਬੀਬੀ ਸੁਰਿੰਦਰ ਕੌਰ ਬਰਮਿੰਘਮ | | 87-85 |
| ਸ: ਐਸ. ਕੇ. ਸਿੰਘ ਸਪੁਤਰ ਸ: ਤਾਰਾ ਸਿੰਘ ਜੀ | | 10-00 |
| ਸ: ਸਤਵੰਤ ਸਿੰਘ ਮਲ੍ਹੀ ਝਾਂਸੀ | (ਦਾਦੀ ਜੀ ਦੀ ਯਾਦ ਵਿਚ) | 11-00 |
| ਸ: ਦਲਜੀਤ ਸਿੰਘ ਅੰਬਾਲਾ ਸ਼ਹਿਰ | (ਸ: ਚਤਰ ਸਿੰਘ ਜੀ ਦੀ ਯਾਦ ਵਿਚ) | 250-00 |
| ਸ: ਬੂਟਾ ਸਿੰਘ ਕੇਸਰ ਸਿੰਘ ਪਥਰਡੀਹ | (ਪੂਜਯ ਮਾਤਾ ਜੀ ਦੀ ਯਾਦ ਵਿਚ) | 11-00 |
| ਸ: ਹਜ਼ੂਰਾ ਸਿੰਘ ਸੈਨੀ ਮਹਿਦਪੁਰ | | 100-00 |
| ਸ: ਇਕਬਾਲ ਸਿੰਘ ਅਹਿਮਦਾਬਾਦ | | 50-00 |
| ਸ: ਸੋਹਨ ਸਿੰਘ ਨਵੀਂ ਦਿੱਲੀ | | 11-00 |
| Cpl ਜੈ ਸਿੰਘ 99 A P.O. | (ਪਿਤਾ ਸ: ਵਸਾਖਾ ਸਿੰਘ ਜੀ ਦੇ ਅੰਤਮ ਭੋਗ ਸਮੇਂ) | 5-00 |
| ਸ: ਕਰਨੈਲ ਸਿੰਘ ਯੂ. ਕੇ. | | 13-85 |
| ਭਾ: ਜਰਨੈਲ ਸਿੰਘ ਗਨਮੈਨ | | 10-00 |
| ਭਾ: ਹਰਮਿੰਦਰ ਸਿੰਘ ਹੁਸ਼ਿਆਰਪੁਰ | (ਛੋਟੇ ਭਾਈ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ) | 21-00 |
| ਸ: ਦਰਸ਼ਨ ਸਿੰਘ ਥਿੰਧ ਕੈਨੇਡਾ | | 50-00 |
| ਸ: ਸੂਰਤ ਸਿੰਘ ਬਰੇਲੀ | (ਕਾਕਾ ਤ੍ਰਿਲੋਚਨ ਸਿੰਘ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ) | 21-00 |

ਸੱਚੇ ਪਾਤਸ਼ਾਹ ਸਭ ਵੀਰਾਂ ਭੈਣਾਂ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਦਾ ਪਿਆਰ ਬਖਸ਼ਣ।

ਹੇਮਕੁੰਡ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੧੧.੭੯ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਮਾਸਕ ਪੱਤਰ

ਸ੍ਰੀ ਅੰਮ੍ਰਿਤਸਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ
ਸਮੁੰਦਰੀ ਡਾਕ ੧੮-੫੦

ਹਵਾਈ ਡਾਕ
ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੩ | ਨਵੰਬਰ ੧੯੭੯ | ਅੰਕ ੧੧


## ਗੁਰਮਤਿ ਗੁਣਾਂ ਦੇ ਬੋਹਿਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਰਮਤਿ ਗੁਣ ਗੁਰਬਾਣੀ ਦੇ ਬੋਹਿਥ ਕਲਜੁਗ ਅੰਦਰਿ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ । ਇਸ ਸੱਚੇ ਗੁਰਦੇਵ ਬਾਝੋਂ ਗੁਣ ਕਿਤੇ ਹੋਰਥੇ ਕਿਸੇ ਹੋਰ ਮੜ੍ਹੇ ਸਰੀਰ ਵਿਚ ਨਹੀਂ ਜਾਪਦੇ। ਪ੍ਰਗਟ ਪਾਹਾਰੇ ਏਹ ਗੁਣ ਜਾਪਦੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰਿ ਹੀ ਜਾਪਦੇ ਹਨ। ਇਨ੍ਹਾਂ ਗੁਰਬਾਣੀ ਰੂਪੀ ਗੁਰਮਤਿ ਗੁਣਾਂ ਦੇ ਆਸਰੇ ਸਹਾਰੇ ਬਿਹੂਣ, ਸਿਮਰਨ ਭਜਨ ਮਈ ਪ੍ਰੇਮਾ-ਭਗਤੀ ਨਹੀਂ ਹੁੰਦੀ, ਨਾ ਹੀ ਹੋ ਸਕਦੀ ਹੈ । ਗੁਣਾਂ-ਪੁੰਜ ਭਗਤੀ ਦੇ ਬੋਹਿਥ ਗੁਰੂ ਗ੍ਰੰਥ ਸਾਹਿਬ ਜੀ ਦੇ ਆਸਰੇ ਹੋ ਕੇ ਹੀ ਭਗਤਿ-ਵਛਲ-ਵਾਹਿਗੁਰੂ ਮਨ ਵਿਖੇ ਵਸਦਾ ਹੈ ਅਤੇ ਸਹਿਜ-ਮਿਲਾਵੜੇ-ਮਈ ਮਿਲਾਪ ਅੰਦਰ ਆਉਂਦਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਮ੍ਰਿਤ-ਬਾਣੀ ਦੇ ਬੋਹਿਥ ਨਾਮ ਦੇ ਜਹਾਜ਼ ਪ੍ਰਗਟ ਗੁਰਾਂ ਕੀ ਦੇਹ ਨੂੰ ਗੁਰੂ ਧਾਰਨ ਕਰ ਕੇ ਹੀ ਗੁਰਮੁਖ ਜਨ ਅੰਮ੍ਰਿਤ ਬਾਣੀ ਦੇ ਗਟਾਕ ਪੀ ਪੀ ਅਤੇ ਅੰਮ੍ਰਿਤ ਨਾਮ ਦੀਆਂ ਕਮਾਈਆਂ ਕਰਿ ਕਰਿ ਸਰਬੱਤਰ ਆਤਮ-ਰਾਮ ਨੂੰ ਪਛਾਨਣ ਵਾਲੇ ਤੱਤ ਬੇਤੇ ਬ੍ਰਹਮ ਗਿਆਨੀ ਬਣਦੇ ਹਨ ਅਤੇ ਇਕ ਨੂੰ ਹੀ ਸੇਵ ਕੇ ਇਕ ਦੇ ਉਪਾਸ਼ਕ ਅਤੇ ਇਕ ਦੇ ਹੀ ਅਰਾਧਕ ਹੋ ਕੇ ਗੁਰਮੁਖਿ ਅਕੱਥ ਕਹਾਣੀ ਦੀ ਤੱਤ ਗੁਰਮਤਿ ਮਰਯਾਦਾ ਦਾ ਬਾਨ੍ਹਣੂੰ ਬੰਨ੍ਹਦੇ ਹਨ । ਯਥਾ ਗੁਰਵਾਕ—

ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ




www.AKJ.Org

ਸਭ ਆਤਮ ਰਾਮੁ ਪਛਾਣੀ ॥
ਏਕੋ ਸੇਵਹਿ ਏਕੁ ਅਰਾਧਹਿ
ਗੁਰਮੁਖਿ ਅਕਥ ਕਹਾਣੀ ॥੬॥
(੮।੭॥੨੪) ਪੰਨਾ ੬੯

ਬਸ, ਗੁਰਮੁਖ ਜਨ ਤਾਂ ਗੁਰਬਾਣੀ ਰੂਪੀ ਅਥਾਹ ਨਾਮ ਦੀ ਅਕੱਥ ਕਹਾਣੀ ਦੇ ਏਕੋ ਗੁਣਤਾਸ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਮਾਉਂਦੇ ਹਨ ਅਤੇ ਹੋਰ ਥਾਉਂ ਦਰ-ਬਦਰ ਨਹੀਂ ਡੋਲਦੇ। ਗੁਰਬਾਣੀ ਦੀ ਇਹ ਅਕੱਥ ਕਥਾ ਗੁਰ-ਸ਼ਬਦ ਦੁਆਰਾ ਹੀ ਪਛਾਣੀ ਜਾਂਦੀ ਹੈ, ਜਿਸ ਦੀ ਬਾਣੀ (ਖ਼ਾਸੀਅਤ) ਇਹ ਹੈ, ਬਾਣੀ ਨੇ ਗੁਰੂ ਦੇ ਸੇਵਨਹਾਰੇ ਨੂੰ ਉਸੇ ਵਿਚ ਹੀ ਸਮਾਇ ਲੈਣਾ ਹੈ। ਗੁਰੂ ਦੀ ਬਾਣੀ, ਧੁਰ ਦੀ ਬਾਣੀ ਹੀ ਧੁਰ ਦੀਆਂ ਮੰਜ਼ਲਾਂ ਵਿਖੇ ਪੁਚਾਉਣ ਸਮਾਉਣ ਨੂੰ ਸਮਰੱਥ ਹੈ। ਗੁਰਬਾਣੀ ਦੀ ਸਮਾਈ ਕਰਕੇ ਗੁਰੂ ਨੂੰ ਗੁਰੱਤ ਪਦਵੀ ਦੀ ਵਡਿਆਈ ਪ੍ਰਾਪਤ ਹੈ। ਗੁਰੂ ਬਾਣੀ ਦਾ ਨਿਕਾਸ ਤੇ ਸਮਾਸ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਅੰਮ੍ਰਿਤ ਜਹਾਜ਼ ਸੋਮੇ ਦੀ ਜ਼ਾਤ-ਪਾਕ (ਪਵਿਤਰ ਹਸਤੀ) ਅੰਦਰ ਹੈ। ਜਿਸ ਜਾਮੇ ਅੰਦਰ ਇਹ ਨਿਕਾਸ ਸਮਾਸ ਹੈ, ਸੋਈ ਜਾਮਾ ਗੁਰੂ ਪਦਵੀ ਦਾ ਅਧਿਕਾਰੀ ਹੈ, ਸੋਈ ਗੁਣਤਾਸ ਗੁਰੂ ਸੱਚੇ ਸਤਿਸੰਗ ਦਾ ਸੋਮਾ ਹੈ। ਸਤਿਗੁਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿਥੇ ਪ੍ਰਕਾਸ਼ ਹੈ, ਓਥੇ ਹੀ ਸਤਿਸੰਗ ਹੈ ਅਤੇ ਜਿਥੇ ਸਤਿਗੁਰ ਸੱਚਾ ਪਾਤਸ਼ਾਹ ਪਰਤੱਖ ਬਿਰਾਜਮਾਨ ਹੈ, ਉਥੇ ਹੀ ਅਤੇ ਓਥੋਂ ਹੀ ਸੱਚੇ ਗੁਣ ਗਾਵਣ ਦਾ ਸੋਮਾ ਸਫੁਟ ਹੁੰਦਾ ਹੈ। ਸਤਿਗੁਰੂ ਅੰਦਰ ਸਹਿਜ ਕਥਾ ਦਾ ਸਹਿਜ ਬਣਾਉ ਬਣਦਾ ਹੈ, ਉਥੇ ਹਉਮੈ ਦੀ ਬਣਾਉਟੀ ਕਾਈ ਨਹੀਂ ਰਹਿੰਦੀ, ਸਗੋਂ ਸ਼ਬਦ ਦੀ ਕਮਾਈ ਦੁਆਰਾ ਹਉਮੈ ਦੀ ਕਾਈ ਦਗਧ ਹੋ ਜਾਂਦੀ ਹੈ। ਗੁਰ-ਸ਼ਬਦ ਦਾ ਮਾਰਣ ਇਸ ਹਉਮੈ ਨੂੰ ਮਨ ਮਾਹਿ ਹੀ ਸਮਾਇ ਕੇ ਅਕਥ ਕਥਾ ਦਾ ਸੰਚਰਕ ਬਣਦਾ ਹੈ। ਯਥਾ ਗੁਰਵਾਕ—

ਤੂੰ ਅਕਥੁ ਕਿਉ ਕਥਿਆ ਜਾਹਿ ॥
ਗੁਰ ਸਬਦੁ ਮਾਰਣੁ ਮਨ ਮਾਹਿ ਸਮਾਹਿ ॥
ਤੇਰੇ ਗੁਣ ਅਨੇਕ ਕੀਮਤਿ ਨਹ ਪਾਇ ॥੧॥
ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ ॥
ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ
॥੧॥ਰਹਾਉ॥
ਜਹ ਸਤਿਗੁਰੁ ਤਹ ਸਤਸੰਗਤਿ ਬਣਾਈ ॥
ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ ॥
ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ॥੨॥
(੪॥੮॥੨੮) ਪੰਨਾ ੧੬੦

ਸਤਿਗੁਰੂ ਸਿਮਰਨ-ਦਾਤੇ ਦੇ ਦਿਤੇ ਸ਼ਬਦ ਗੁਰਮੰਤਰ ਦੁਆਰਾ ਹੀ ਹਉਮੈ ਦਾ ਬਿਨਾਸ ਦਗਧਾਸ ਹੋ ਸਕਦਾ ਹੈ, ਐਵੇਂ ਨਹੀਂ।

ਕੱਚੇ ਗੁਰੂਆਂ ਦੀਆਂ ਦਿਤੀਆਂ ਸਿਮਰਨ-ਕਾਨਾਫੂਸੀਆਂ ਤੋਂ ਕੁਛ ਨਹੀਂ ਸਰਦਾ, ਨਾ ਹਉਮੈ ਮਿਟਦੀ ਹੈ ਨਾ ਕੂੜ ਮਤਿ ਹਟਦੀ ਹੈ। ਕੱਚੇ ਗੁਰੂ ਅਤੇ ਗੁਰੂਆਂ ਦੇ ਕੱਚੇ ਪਿੱਲੇ ਚੇਲੇ ਸਿਮਰਨ-ਦਾਤਾਂ ਲੈਣ ਦੇਣ ਦਾ ਝਸ ਪੂਰਾ ਕਰਦੇ ਹਨ।

"ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ"† ਵਾਲਾ ਗੁਰਵਾਕ ਨਿਰਣੇ ਕਰਾਉਂਦਾ ਹੈ ਕਿ ਗੁਰਮਤਿ ਤਤ ਗਿਆਨ ਤੋਂ ਘੁਥੇ ਅਗਿਆਨੀ ਅਤੇ ਗੁਰੂ ਪਦ ਮਹੱਤਤਾ ਤੋਂ ਅੰਧਲੇ ਆਪੋਂ ਬਣ ਬੈਠੇ, ਅਰਥਾਤ ਆਪੇ ਹੀ ਆਪਣੇ ਆਪ ਨੂੰ ਗੁਰੂ ਸਦਾਉਣ ਵਾਲੇ ਦੇਹਧਾਰੀ ਗੁਰੂਆਂ ਪਾਸੋਂ ਕੋਈ ਜਗਿਆਸੂ ਵਾਸਤਵ ਵਿਚ ਸੁਮਾਰਗੇ ਨਹੀਂ ਲਗ ਸਕਦਾ, ਐਵੇਂ ਕੱਖਾਂ ਦੀ ਅੱਗ ਵਾਲਾ ਨਿਘਾਸ ਹੀ ਹੈ।

ਅਲਪੱਗ ਮੜੇ ਸਰੀਰ ਐਵੇਂ ਤਨਕ ਮਾਤਰ ਚਿਣਗ ਦੀ ਚਿੰਗਾਰੀ ਹੋ ਕੇ ਪਏ ਲੋਕਾਂ ਨੂੰ ਭਰਮਾਉਂਦੇ ਫਿਰਦੇ ਹਨ ਅਤੇ ਦੇਹਧਾਰੀ ਗੁਰੂ ਦੀ ਅਣਹੋਈ ਲੋੜ ਦਾ ਫੋਕਾ ਹੋਕਾ ਦਿੰਦੇ ਫਿਰਦੇ ਹਨ ਅਤੇ ਸੱਚੇ ਲਾਲ ਰਤਨਾਂ ਜਵਾਹਰਾਂ ਸੇਤੀ ਭਰਪੂਰ-ਲੀਣੇ-ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬੇਮੁਖ ਕਰਾਉਣ ਲਈ ਆਮ ਲੋਕਾਂ ਨੂੰ ਬਹਿਕਾਉਂਦੇ ਫਿਰਦੇ ਹਨ।

ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰੂਪੀ

---

†ਗੂਜਰੀ ਮ: ੩, ॥੩॥ (੪॥੫॥੭), ਪੰਨਾ ੪੯੧

www.AKJ.Org

ਸਾਗਰ ਵਿਚ ਸਭ ਕੁਝ ਭਰਪੂਰ ਹੈ। ਯਥਾ ਗੁਰਵਾਕ—

ਗੁਰੁ ਸਾਗਰੁ ਰਤਨੀ ਭਰਪੂਰੇ ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ ॥
ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥
ਸਰਵਰ ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥
ਕਿਆ ਬਗੁ ਬਪੁੜਾ ਛਪੜੀ ਨਾਇ ॥
ਕੀਚੜਿ ਡੂਬੈ ਮੈਲੁ ਨ ਜਾਇ ॥੧॥ਰਹਾਉ॥
(੮॥੧॥) ਪੰਨਾ ੬੮੫

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਬਿਨਾਂ 'ਗੁਰੁ ਸਾਗਰੁ ਰਤਨੀ ਭਰਪੂਰੇ' ਵਾਲਾ ਗੁਰੂ ਮਹੱਤਵ ਅਜ ਦੇ ਵਰਤਮਾਨ ਸਮੇਂ ਵਿਚ ਹੋਰ ਕਿਸੇ ਭੀ ਦੇਹਧਾਰੀ ਗੁਰੂ ਉਤੇ ਨਹੀਂ ਘਟ ਸਕਦਾ ਅਤੇ ਨਾ ਹੀ ਅਗੇ ਨੂੰ ਘਟੇਗਾ। ਇਹ ਅੰਮ੍ਰਿਤ ਰੂਪੀ ਰਤਨਾਂ ਨਾਲ ਭਰਿਆ ਹੋਇਆ ਸਰਸ਼ਾਰ ਸਾਗਰ ਰਤਨ ਵਾਪਾਰੀ ਅਧਿਕਾਰੀ ਸੰਤ ਜਨਾਂ ਨੂੰ ਸਦਾ ਹੀ ਨਿਕਟ ਹਜ਼ੂਰੀ ਵਿਚ ਜ਼ਾਹਰਾ ਜ਼ਹੂਰ ਦਿਸਦਾ ਹੈ। ਉਹ ਵਡਭਾਗੇ ਸਿਖ ਸੰਤ-ਜਨ ਮਨ-ਭਾਉਂਦੀਆਂ ਤਾਰੀਆਂ ਅਤੇ ਡੁਬਕੀਆਂ ਇਸ ਅੰਮ੍ਰਿਤ-ਸਾਗਰ ਵਿਖੇ ਲਾਉਂਦੇ ਹਨ ਅਤੇ ਅੰਦਰੋਂ ਰਤਨ ਜਵਾਹਰ ਮਾਣਕ ਲਾਲਾਂ ਮਈ ਤਤ ਵਿਰੋਲ ਲੈਂਦੇ ਹਨ। ਗੁਰਮੁਖ ਹੰਸਲੇ ਜਨਾਂ ਨੂੰ ਸੁਚੇ ਮੋਤੀ ਹੀਰਿਆਂ ਦਾ ਹੰਸ-ਚੋਗਾ ਲਭਦਾ ਹੈ ਤਾਂ ਇਸੇ ਸਾਗਰ ਵਿਚੋਂ ਲਭਦਾ ਹੈ। ਏਸੇ ਸੱਚੇ ਸਰੋਵਰ ਵਿਖੇ ਤਾਰੀਆਂ ਚੁਭੀਆਂ ਲਾ ਕੇ ਹੀ ਅੰਮ੍ਰਿਤ-ਚੋਗਲੇ ਹੰਸ, ਪ੍ਰਾਣਪਤਿ ਪ੍ਰੀਤਮ ਪ੍ਰਭੂ ਦੀ ਪ੍ਰਾਪਤੀ ਵਾਲੇ ਪਦ ਨੂੰ ਪਾਉਂਦੇ ਹਨ, ਜਿਹੜੇ ਬਗ ਬਪੁੜੇ ਹਨ, ਸੋ ਛਪੜੀਆਂ ਵਿਚ ਨ੍ਹਾਉਣ ਲਈ ਟੱਕਰਾਂ ਮਾਰਦੇ ਫਿਰਦੇ ਹਨ। ਪਰ ਛਪੜੀ ਨ੍ਹਾਤੇ ਤੇ ਕੀ ਬਣਦਾ ਹੈ? ਚਿਕੜ ਵਿਚ ਡੁਬਿਆਂ ਸਗੋਂ ਹੋਰ ਵਧੇਰੇ ਮੈਲ ਲਗ ਜਾਂਦੀ ਹੈ। ਇਹ ਸਾਰੇ ਆਪੋਂ ਬਣ ਬੈਠੇ ਦੇਹਧਾਰੀ ਗੁਰੂ ਚਿਕੜ-ਬੋੜਣੀਆਂ ਛਪੜੀਆਂ ਹਨ।

ਸੱਚਾ ਅੰਮ੍ਰਿਤ-ਸਾਗਰ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਦੇਵ ਗੁਰੂ ਹੀ ਹੈ। ਯਥਾ ਗੁਰਵਾਕ—

ਗੁਰੁ ਸਾਗਰੁ ਰਤਨੀ ਨਹੀ ਤੋਟਿ ॥
ਲਾਲ ਪਦਾਰਥ ਸਾਚੁ ਅਖੋਟੁ ॥੨੭॥
[ਪੰਨਾ ੯੩੩

ਤਥਾ— ਗੁਰੁ ਸਾਗਰੋ ਰਤਨਾਗਰੁ
ਤਿਤੁ ਰਤਨ ਘਣੇਰੇ ਰਾਮ ॥
ਕਰਿ ਮਜਨੋ ਸਪਤ ਸਰੇ
ਮਨ ਨਿਰਮਲ ਮੇਰੇ ਰਾਮ......॥੩॥
(੪॥੨) ਪੰਨਾ ੪੩੭

ਇਹ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਸਾਗਰ ਹੀ ਹੈ ਜਿਸ ਵਿਚ ਅਤੁਟ ਰਤਨ ਅਤੇ ਅਖੁਟ ਲਾਲ ਰੂਪੀ ਸੱਚੇ ਪਦਾਰਥ ਭਰੇ ਪਏ ਹਨ। ਇਹ ਗੁਰੂ ਰੂਪੀ ਸਾਗਰ ਐਸਾ ਰਤਨਾਗਰ ਹੈ ਜੋ ਅੰਮ੍ਰਿਤ ਮਜਨੇਰੇ ਘਨੇਰੇ ਰਤਨਾਂ ਨਾਲ ਭਰਿਆ ਪਿਆ ਹੈ, ਜਿਸ ਵਿਚ ਮਜ਼ਨ ਕੀਤਿਆਂ ਸਪਤ ਸਰੋਵਰਾਂ ਦੇ ਇਸ਼ਨਾਨ ਦਾ ਫਲ ਪ੍ਰਾਪਤਿ ਹੋਣਾ ਹੈ। ਅਤੇ ਸਪਤ ਸਰੋਵਰਾਂ ਦੇ ਮਜਨ ਨਾਲੋਂ ਵਿਲੱਖਣਤਾ ਇਹ ਹੈ ਕਿ ਇਸ ਵਿਚ ਨ੍ਹਾਤਿਆਂ ਅੰਮ੍ਰਿਤ-ਮਜਨੀ-ਇਸ਼ਨਾਨ ਹੁੰਦਾ ਹੈ ਅਤੇ ਮਨ ਦੀ ਸਗਲੀ ਮੈਲ ਕੱਟੀ ਜਾ ਕੇ ਪੂਰਨ ਨਿਰਮਲਤਾ ਮਿਲਦੀ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਗੁਰ-ਸਾਗਰ ਐਸਾ ਅੰਮ੍ਰਿਤ-ਸਰੋਵਰ ਹੈ ਕਿ ਜਿਸ ਤੋਂ ਮਨ-ਇਛੇ ਪਾਰਜਾਤੀ ਫਲ ਮਿਲਦੇ ਹਨ। ਨਾਮ ਰੂਪੀ ਅਮਰ ਪਦਾਰਥ ਜੇਕਰ ਮਿਲਦਾ ਹੈ ਤਾਂ ਇਸੀ (ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ) ਸਾਗਰ ਤੋਂ ਮਿਲਦਾ ਹੈ, ਜਿਸ ਨੂੰ ਹਿਰਦੇ ਵਿਚ ਵਸਾਉਣ ਕਰਿ ਅਮਰ ਪਦਵੀ ਨੂੰ ਪ੍ਰਾਪਤਿ ਹੋਈਦਾ ਹੈ :— ਯਥਾ ਗੁਰਵਾਕ—

ਗੁਰੁ ਸਾਗਰੁ ਅੰਮ੍ਰਿਤ ਸਰੁ ਜੋ ਇਛੇ ਸੋ ਫਲੁ ਪਾਇ ॥
ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਇ...
॥੭॥ (੮॥੫) ਮਾਰੂ ਮ: ੧, ਪੰਨਾ ੧੦੧੨

ਤਾਂਤੇ ਅੰਮ੍ਰਿਤ ਸਰੋਵਰ ਸਤਿਗੁਰ ਸਾਗਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਨਾਮ ਦੀ ਪੂਰਾ ਭੰਡਾਰ ਅਤੇ ਭੰਡਾਰੀ ਤੇ ਉਤਮ ਰਤਨ ਅਪਾਰ ਜਵਾਹਰਾਂ ਦਾ ਜਵਾਹਰੀ ਹੈ। ਇਹੀ ਸੱਚੀ ਦਾਤ ਸਿਮਰਨ ਦਾ ਦਾਤਾਰੀ ਹੈ। ਇਸ ਗੁਰੂ ਬਿਨਾਂ ਨਾ ਹੀ ਹੋਰ ਕੋਈ ਗੁਰੂ ਹੈ ਤੇ ਨਾ ਹੀ ਕੋਈ ਸਿਮਰਨ ਦਾਤਾ ਹੈ।


www.AKJ.Org

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੂਰੇ ਗੁਰੂ ਬਾਝੋਂ ਸਿਮਰਨ-ਭਗਤੀ ਹੀ ਨਹੀਂ ਹੋ ਸਕਦੀ ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਖ ਹੀ ਥਾਂਇ ਪੈਂਦੇ ਹਨ–

ਜਿਨ੍ਹਾਂ ਨੇ ਇਸ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕੀਤਾ ਹੈ ਤਿਨ੍ਹਾਂ ਦਾ ਭਗਤੀ-ਸਿਮਰਨ ਹੀ ਥਾਂਇ ਪਿਆ ਹੈ । ਇਸ ਸੱਚੇ ਗੁਰਦੇਵ ਦਾ ਸਨਮੁਖ ਸਿਖ ਭਗਤ ਜਨ ਹੀ ਸਹਿਜ ਸੁਭਾਇ ਭਗਤੀ-ਰਤਾ ਨਾਮ ਸਿਮਰਨਹਾਰਾ ਸਾਧੂ ਹੈ । ਜੋ ਇਸ ਗੁਰ ਪੂਰੇ ਤੋਂ ਬੇਮੁਖ ਹਨ, ਉਹ ਆਪਣੀ ਪਤਿ ਖੋਇ ਬਹਿੰਦੇ ਹਨ ਅਤੇ ਆਪਣੇ ਕਰਮਾਂ ਨੂੰ ਬਹਿ ਕੇ ਰੋਂਦੇ ਰਹਿੰਦੇ ਹਨ । ਸਚੁ-ਗੁਰ-ਧਾਰਨੀ ਗੁਰਮੁਖ ਜਨ ਹੀ ਸਿਮਰਨ-ਜਪ ਜਾਪ ਦੇ ਸਦਾ ਧਿਆਵਨਹਾਰੇ ਹੁੰਦੇ ਹਨ । ਤਿਨ੍ਹਾਂ ਨੂੰ ਹੀ ਸਦੀਵੀ ਸਿਮਰਨ ਅਨੰਦ ਪ੍ਰਾਪਤ ਹੁੰਦਾ ਹੈ । ਇਸ ਅਨੰਦ-ਰਸ ਵਿਚ ਰਤ ਕੇ (ਅਨੰਦ-ਰਸ ਪ੍ਰਾਇਣ ਹੋਇ ਕੇ) ਓਹ ਦਿਨ ਰਾਤੀ ਸਿਮਰਨ ਵਿਚ ਹੀ ਜੁਟੇ ਰਹਿੰਦੇ ਹਨ । ਤਿਨ੍ਹਾਂ ਨੂੰ ਸੁਤੇ ਸਫੁਰਤ ਮਨ-ਇਛੇ ਫਲ ਸਹਿਜ ਸੁਭਾਇ ਹੀ ਆਇ ਪ੍ਰਾਪਤ ਹੁੰਦੇ ਹਨ । ਬਸ ਪੂਰੇ ਗੁਰ ਤੇ ਹੀ ਪੂਰਾ ਪਾਰਬ੍ਰਹਮ ਪਦ ਪਾਈਦਾ ਹੈ, ਕਿਉਂਕਿ ਪੂਰੇ ਗੁਰੂ ਤੋਂ ਹੀ ਜਗਿਆਸੂ ਜਨਾਂ ਦੇ ਹਿਰਦੇ ਅੰਦਰ ਸ਼ਬਦ-ਸਿਮਰਨ ਸਚੁ ਨਾਮੁ ਵਸਦਾ ਹੈ । ਐਸੇ ਸ਼ਬਦ ਸਿਮਰਨ ਦੇ ਅੰਮ੍ਰਿਤ-ਰਸ ਵਿਚ ਵਸਣਹਾਰੇ ਅੰਤਰਿ ਆਤਮੇ ਹੀ ਅੰਮ੍ਰਿਤ-ਸਰੋਵਰੀ ਨਿਰਮਲ ਨ੍ਹਾਵਣਾ ਕਰਦੇ ਹਨ । ਉਹ ਸਦਾ ਹੀ ਸੁੱਚੇ ਹਨ । ਉਨ੍ਹਾਂ ਦਾ ਅੰਤਰੁ ਨਿਰਮਲ ਹੋ ਜਾਂਦਾ ਹੈ ਅਤੇ ਸੱਚੇ ਨਾਮੀ ਵਾਹਿਗੁਰੂ ਦੇ ਸਰੂਪ ਵਿਚ ਸਮਾਏ ਰਹਿੰਦੇ ਹਨ । ਓਹ ਹਰੀ ਪ੍ਰਭੂ ਪਰਮਾਤਮਾ ਅਕਾਲ ਪੁਰਖ ਨੂੰ ਸਦਾ ਹਜ਼ੂਰ ਹੀ ਦੇਖਦੇ ਹਨ । ਵਾਹਿਗੁਰੂ ਪਰਮਾਤਮਾ, ਸੱਚੇ ਗੁਰੂ ਦੇ ਪ੍ਰਸਾਦਿ ਉਨ੍ਹਾਂ ਦੇ ਅੰਤਰਿ ਬਾਹਰਿ ਸਾਮ੍ਹਣੇ ਭਰਪੂਰ ਹੀ ਰਮਿਆ ਰਹਿੰਦਾ ਹੈ, ਜਿਥੇ ਉਹ ਜਾਂਦੇ ਹਨ, ਤਿਥੇ ਹੀ ਉਹ ਰਮਤ ਰਾਮ ਦਾ ਸਾਖਯਾਤ ਦੀਦਾਰ ਕਰਦੇ ਹਨ । ਇਸ ਪਦ ਨੂੰ ਪੁਜਣਾ ਸਤਿਗੁਰੂ ਦਾਤੇ ਦੀ ਸਿਮਰਨ-ਦਾਤਿ ਦੇ ਪ੍ਰਤਾਪ ਨਾਲ ਹੀ ਹੁੰਦਾ ਹੈ । ਸਤਿਗੁਰੂ ਬਾਝੋਂ ਇਸ ਪਦ ਪੁਜਾਵਣਹਾਰਾ, ਸਿਮਰਨ-ਸ਼ਕਤਿ-ਦਾਤਿ ਦਾ ਦਾਤਾ ਹੋਰ ਕੋਈ ਨਹੀਂ । ਇਸ ਦਾਤਿ ਪ੍ਰਸਾਦਿ ਦਾ ਦੇਵਣਹਾਰਾ ਦਾਤਾ ਪ੍ਰਸਾਦੀ ਗੁਰੂ ਹੀ ਹੈ । ਓਹੀ ਦਾਤਿ-ਬਖਸ਼ਾਂ ਬਖਸ਼ਣਹਾਰ ਹੈ । ਇਨ੍ਹਾਂ ਸੱਚੀਆਂ ਦਾਤਾ ਬਖਸ਼ਸ਼ਾਂ ਦਾ ਪ੍ਰਸਾਦ ਸਤਿਗੁਰੂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਸ ਹੀ ਹੈ, ਹੋਰ ਕਿਤੇ ਨਹੀਂ । ਯਥਾ ਗੁਰਵਾਕ :—

ਭਗਤਿ ਰਤਾ ਜਨੁ ਸਹਜਿ ਸੁਭਾਇ ॥
ਗੁਰ ਕੈ ਭੈ ਸਾਚੈ ਸਾਚਿ ਸਮਾਇ ॥
ਬਿਨੁ ਗੁਰ ਪੂਰੇ ਭਗਤਿ ਨ ਹੋਇ ॥
ਮਨਮੁਖ ਰੁਨੇ ਅਪਨੀ ਪਤਿ ਖੋਇ ॥੧॥
ਮੇਰੇ ਮਨ ਹਰਿ ਜਪਿ ਸਦਾ ਧਿਆਇ ॥
ਸਦਾ ਅਨੰਦੁ ਹੋਵੈ ਦਿਨੁ ਰਾਤੀ
ਜੋ ਇਛੈ ਸੋਈ ਫਲੁ ਪਾਇ ॥ ॥ਰਹਾਉ॥
ਗੁਰ ਪੂਰੇ ਤੇ ਪੂਰਾ ਪਾਏ ॥
ਹਿਰਦੈ ਸਬਦੁ ਸਚੁ ਨਾਮੁ ਵਸਾਏ ॥
ਅੰਤਰੁ ਨਿਰਮਲੁ ਅੰਮ੍ਰਿਤ ਸਰਿ ਨਾਏ ॥
ਸਦਾ ਸੂਚੇ ਸਾਚਿ ਸਮਾਏ ॥੨॥
ਹਰਿ ਪ੍ਰਭੁ ਵੇਖੈ ਸਦਾ ਹਜੂਰਿ ॥
ਗੁਰ ਪਰਸਾਦਿ ਰਹਿਆ ਭਰਪੂਰਿ ॥
ਜਹਾ ਜਾਉ ਤਹ ਵੇਖਾ ਸੋਇ ॥
ਗੁਰ ਬਿਨੁ ਦਾਤਾ ਅਵਰੁ ਨ ਕੋਇ ॥੩॥
ਗੁਰੁ ਸਾਗਰੁ ਪੂਰਾ ਭੰਡਾਰ ॥
ਊਤਮ ਰਤਨ ਜਵਾਹਰ ਅਪਾਰ ॥
ਗੁਰ ਪਰਸਾਦੀ ਦੇਵਨਹਾਰੁ ॥
ਨਾਨਕ ਬਖਸੇ ਬਖਸਣਹਾਰੁ ॥੪॥੯॥੪੮॥

ਆਸਾ ਮਹਲਾ ੩, ਪੰਨਾ ੩੬੩

ਸਤਿਗੁਰੂ ਪ੍ਰਸਾਦੀ ਪ੍ਰਸਾਦੁ ਕਰੇ ਤਾਂ ਨਾਮ ਦੇਵੇ ਤੇ ਸ਼ਬਦ-ਸਿਮਰਨ ਦੀ ਦਾਤਿ ਦੇਵੇ । ਸਿਮਰਨ ਦੀ ਦਾਤਿ ਦੇ ਕੇ ਸਤਿਗੁਰ ਅਜਿਹੀ ਕਲਾ ਵਰਤਾਉਂਦਾ ਹੈ ਕਿ ਸਿਮਰਨ-ਦਾਤਿ ਅਧਿਕਾਰੀ ਦਾ ਜੀਵਨ

www.AKJ.Org

ਪਲਟ ਦਿੰਦਾ ਹੈ । ਸ਼ਬਦ ਦਾ ਬਾਣ ਬਾਹ ਕੇ ਜੀਊਂਦੇ ਜਗਿਆਸੂ ਨੂੰ ਪਹਿਲਾਂ ਮਾਰ ਦਿੰਦਾ ਹੈ, ਫੇਰ ਮਾਰ ਕੇ ਜੀਵਾਲ ਲੈਂਦਾ ਹੈ ਅਤੇ ਐਸੀ ਜੀਵਾਲਣੀ ਜਿਵਾਲਦਾ ਹੈ ਕਿ ਅਮਰ ਜੀਵਨੀ ਮੁਕਤਿ ਦਾਤਿ, ਜੀਵਨ-ਮੁਕਤਿ ਦਾਤਿ ਬਖਸ਼ ਦਿੰਦਾ ਹੈ। ਇਹ ਸਤਿਗੁਰੂ ਦੁਆਰਾ ਹੀ ਦਿਤੀ ਸਬਦ-ਸਿਮਰਨ-ਦਾਤਿ ਜ਼ਾਹਰ-ਕਲਾ ਕ੍ਰਿਸ਼ਮੀ ਜ਼ਹੂਰ ਹੈ।

ਸਤਿਗੁਰੂ ਦੀ ਇਹ ਜ਼ਾਹਰ ਕਲਾ ਕ੍ਰਿਸ਼ਮੀ ਸਿਮਰਨ-ਦਾਤਿ-ਸ਼ਕਤਿ ਪੰਜਾਂ ਸ਼ਬਦ-ਸਿਮਰਨ-ਅਭਿਆਸ-ਕਮਾਈ ਵਾਲੇ ਗੁਰਮੁਖਿ ਪਿਆਰਿਆਂ ਅੰਦਰ ਵਰਤਦੀ ਹੈ, ਇਕ ਇਕੱਲੇ ਗੁਰਸਿਖ ਦੁਆਰਾ ਨਹੀਂ ਵਰਤਦੀ। ਪੰਜਾਂ ਪਿਆਰਿਆਂ ਦੁਆਰਾ ਭੀ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੇ ਜ਼ੋਰ ਸਾਇਆ ਵਰਤਦੀ ਹੈ। ਗੁਰੂ ਨੂੰ ਪੂਜ ਕੇ ਪਿਆਰੇ ਸਿਖ ਹੀ ਪੰਜ ਪਿਆਰੇ ਬਣ ਸਕਦੇ ਹਨ। ਗੁਰਮਤਿ ਰਹਿਣੀ ਦੇ ਰਹਿਤਵਾਨ ਸਿੰਘ ਹੀ ਪੰਜ ਪਿਆਰੇ ਬਣਦੇ ਹਨ। ਜਿਸ ਗੁਰਸਿਖ ਜਗਿਆਸੂ ਦਾ ਜੀਵਨ-ਜਿਗਰ (ਹਿਰਦਾ) ਸ਼ਬਦ ਕਮਾਈ ਵਾਲੇ ਪੰਜਾਂ ਪਿਆਰਿਆਂ ਦੇ ਬਾਹੇ ਸ਼ਬਦ-ਬਾਣ ਦੁਆਰਾ ਬੇਧਿਆ ਜਾਂਦਾ ਹੈ, ਉਹ ਬਾਣ-ਬੇਧੇ-ਹਿਰਦੇ ਵਾਲਾ ਇਕ ਇਕ ਮਰਜੀਵੜਾ ਭੀ ਸ਼ਬਦ-ਬਾਣ-ਬੇਧਕ-ਬਲ ਦਾ ਅਜਰ ਜਰਾਊ ਹੋ ਜਾਂਦਾ ਹੈ।

ਜਿਨ੍ਹਾਂ ਤੋਂ ਕਿਸੇ ਪੂਰਬ-ਕਰੰਮੀ ਕਸਰ ਪੈ ਜਾਣ ਕਰਕੇ ਇਹ ਅਜਰ ਨਹੀਂ ਜਰਿਆ ਗਇਆ, ਉਹ ਇਕੱਲੇ ਹੀ ਨਾਮ ਦੇਣ ਅਤੇ ਸਿਮਰਨ ਦ੍ਰਿੜ੍ਹਾਉਣ ਡਹਿ ਪੈਂਦੇ ਹਨ। ਓਹਨਾਂ ਦਾ ਬਾਣ ਬਾਹਿਆ ਕੁਛ ਕਲਾ ਤਾਂ ਵਰਤਾਉਂਦਾ ਹੈ, ਪ੍ਰੰਤੂ ਨਿਸ਼ਾਨੇ ਘਾਉ ਨਹੀਂ ਪੈਂਦਾ, ਕੁਛਕ ਕਾਲ ਚਮਤਕਾਰੀ ਕਲਾ ਦਿਖਾਉਂਦਾ ਹੈ, ਫੇਰ ਮੱਧਮ ਪੈ ਜਾਂਦਾ ਹੈ। ਅਜਿ-ਹੀਆਂ ਇਕੜ ਦੁਕੜ ਨਜ਼ੀਰਾਂ ਦੀ ਰੀਸੇ ਜਣਾ ਖਣਾ ਹੀ ਸਿਮਰਨ-ਦਾਤਾ ਬਣ ਬਹਿੰਦਾ ਹੈ, ਪਰ ਉਸ ਤੋਂ ਫੋਕਟ ਬਾਣ ਹੀ ਬਹਿੰਦਾ ਹੈ (ਬਾਹ ਹੁੰਦਾ ਹੈ)। ਇਸ ਬਿਧਿ ਸਿਮਰਨ-ਦਾਤਿ ਗੁਰਮਤਿ ਅਸੂਲਾਂ ਤੋਂ ਘੁਥੀ ਹੋਣ ਕਰਕੇ ਇਕ ਹਾਸੋਹੀਣੀ ਖੇਡ ਹੀ ਬਣ ਜਾਂਦੀ ਹੈ। 'ਸਬਦਿ ਮੁਏ ਸਬਦਿ ਮਾਰਿ ਜੀਵਾਲੇ' ਵਾਲੀ ਕਲਾ-ਕ੍ਰਿਸ਼ਮੀ-ਆਕ੍ਰਖਣੀ ਖੇਡ ਕੇਵਲ ਪੰਜਾਂ ਪਿਆਰਿਆਂ ਦੁਆਰਾ ਸਤਿਗੁਰੂ ਸਨਮੁਖ ਹੀ ਵਰਤਦੀ ਹੈ। ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਨਮੁਖਤਾ ਤੋਂ ਸਖਣੇ ਬੇਮੁਖ ਸ਼ਬਦ-ਸਿਮਰਨ ਦੀ ਸਾਰ ਹੀ ਨਹੀਂ ਜਾਣਦੇ। ਸ਼ਬਦ-ਸਿਮਰਨ ਦੀ ਸਾਰ ਸ਼ਰਧਾ ਕਦਰ ਤੋਂ ਹੀਣੇ ਅਜਾਣ ਮਨਮੁਖੀ ਅੰਨ੍ਹੇ ਬੋਲੇ ਹਨ, ਤਿਨ੍ਹਾਂ ਦਾ ਜਗ ਵਿਚ ਆਉਣਾ ਨਿਸਫਲ ਹੀ ਹੈ, ਕਿਉਂਕਿ ਉਹ ਸ਼ਬਦ-ਸਿਮਰਨ ਦੇ ਤੱਤ ਮਾਰਗ ਤੋਂ ਘੁਥੇ ਹੋਏ ਐਵੇਂ ਅੱਕੀਂ ਪਲਾਹੀਂ ਹੱਥ ਪਾਉਂਦੇ ਫਿਰਦੇ ਹਨ ਅਤੇ ਮਨ-ਮੰਨੇ ਗੁਰੂ ਚੇਲੇ ਬਣਾਉਂਦੇ ਫਿਰਦੇ ਹਨ। ਯਥਾ ਗੁਰਵਾਕ—

> ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ ਸਬਦੇ ਹੀ ਮੁਕਤਿ ਪਾਈ ॥ ਸਬਦੇ ਮਨੁ ਤਨੁ ਨਿਰਮਲੁ ਹੋਆ ਹਰਿ ਵਸਿਆ ਮਨਿ ਆਈ ॥ ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ ਹਰਿ ਸਿਉ ਰਹਿਆ ਸਮਾਈ ॥੨॥ ਸਬਦੁ ਨ ਜਾਣਹਿ ਸੇ ਅੰਨੇ ਬੋਲੇ ਸੇ ਕਿਤੁ ਆਏ ਸੰਸਾਰਾ ॥ ਹਰਿ ਰਸੁ ਨ ਪਾਇਆ ਬਿਰਥਾ ਜਨਮੁ ਗਵਾਇਆ ਜੰਮਹਿ ਵਾਰੋ ਵਾਰਾ ॥ ਬਿਸਟਾ ਕੇ ਕੀੜੇ ਬਿਸਟਾ ਮਾਹਿ ਸਮਾਣੇ ਮਨਮੁਖ ਮੁਗਧ ਗੁਬਾਰਾ ॥੩॥
>
> (੪॥੪) [ਸੋਰਠਿ ਮ: ੩, ਪੰਨਾ ੬੦੧

ਅੰਧੇ ਗੁਰੂਆਂ ਪਾਸੋਂ ਸਿਮਰਨ-ਦਾਤਿ ਲੈਣ ਕਰਿ ਉਹ ਸ਼ਬਦ ਸੁਰਤਿ ਮਾਰਗ ਵਲੋਂ ਅੰਨ੍ਹੇ ਬੋਲੇ ਹੀ ਰਹਿੰਦੇ ਹਨ। ਅੰਧਲੇ ਗੁਰੂ ਦਾ ਬਾਹਿਆ ਸ਼ਬਦ-ਬਾਣ ਟਿਕਾਣੇ ਨਹੀਂ ਪੈਂਦਾ, ਹਿਰਦਾ ਨਹੀਂ ਬੇਧਦਾ, ਨਾ ਹੀ ਉਸ ਸ਼ਬਦ ਦੀ ਸਿਮਰਨ-ਕਮਾਈ ਕੀਤੀ ਫਲੀਭੂਤ ਹੁੰਦੀ ਹੈ। ਅਵਲ ਤਾਂ ਕਮਾਈ ਹੁੰਦੀ ਹੀ ਨਹੀਂ, ਜੇ ਹੁੰਦੀ ਹੈ ਤਾਂ ਸ਼ਬਦ ਦਾ ਰਸ ਨਹੀਂ ਆਉਂਦਾ। ਅਮਿਉ ਰਸ ਜੋਤਿ ਵਿਗਾਸ ਵਾਲੀ ਪਾਰਸ - ਰਸਾਇਣੀ ਕਲਾ ਨਹੀਂ ਉਪ-ਜਦੀ। ਹਰਿ-ਰਸ ਦੀ ਏਸ ਜੋਤਿ-ਵਿਗਸਨੀ-ਪ੍ਰਾਪਤੀ ਬਾਝੋਂ ਸਾਰਾ ਜਨਮ ਹੀ ਬਿਰਥਾ ਜਾਂਦਾ



www.AKJ.Org

ਹੈ। ਉਨ੍ਹਾਂ ਦਾ ਸੰਸਾਰ ਵਿਚ ਆਉਣਾ ਕਿਸੇ ਲੇਖੇ ਨਹੀਂ। ਉਨ੍ਹਾਂ ਦਾ ਜੰਮਣਾ ਮਰਣਾ ਬਣਿਆ ਹੀ ਰਹਿੰਦਾ ਹੈ। ਬਸ ਅਜਿਹੇ ਮਨਮੁਖ ਮੁਗਧ ਗਵਾਰ "ਬਿਸਟਾ ਕੇ ਕੀੜੇ ਬਿਸਟਾ ਮਾਹਿ" ਹੀ ਰਚ ਪਚ ਕੇ ਖੀਨ ਖਰਾਬ ਹੁੰਦੇ ਰਹਿੰਦੇ ਹਨ।

ਮਨਮੁਖਾਂ ਨੂੰ ਮਨ ਦੀ ਮਤਿ ਹੀ ਵਿਆਪੀ ਰਹਿੰਦੀ ਹੈ। ਉਨ੍ਹਾਂ ਦੀ ਸ਼ਬਦ-ਸਿਮਰਨ ਉਤੇ ਸਰਧਾ ਸੁਰਤਿ ਪ੍ਰੀਤ-ਪ੍ਰਤੀਤ ਹੀ ਨਹੀਂ ਜੰਮਦੀ। ਇਹ ਸ਼ਰਧਾ-ਪ੍ਰੀਤਿ ਸੱਚਾ ਸਤਿਗੁਰੂ ਧਾਰੇ ਬਾਝ ਨਹੀਂ ਆ ਸਕਦੀ। ਦੂਜੇ ਭਾਇ ਦੇ ਅਫਰੂ ਦਫਰੂ ਗੁਰੂ ਧਾਰਨ ਕੀਤਿਆਂ ਮਨਮੁਖ ਦੂਜੇ ਭਾਇ ਦੀਆਂ ਬਿਪ੍ਰੀਤਾਂ ਵਿਖੇ ਹੀ ਖਚਤ ਰਹਿੰਦੇ ਹਨ। ਅਜਿਹੇ ਮਨਮੁਖ ਬਸ ਸਾਰੀ ਉਮਰ ਤੁਹ ਕੁਟਦੇ ਹੀ ਰਹਿੰਦੇ ਹਨ। ਮਨ-ਮੁਖਾਂ ਵਾਲੇ ਮਨਮਤੀ ਕਰਮ ਕੀਤਿਆਂ ਤਿਨ੍ਹਾਂ ਦੇ ਪੱਲੇ ਕੁਝ ਭੀ ਨਹੀਂ ਪੈਂਦਾ। ਸੱਚਾ ਗੁਰੂ ਮਿਲੇ ਤੋਂ ਹੀ ਨਾਮ ਮਨ ਵਿਖੇ ਰਵਿਆ ਰਹਿ ਸਕਦਾ ਹੈ ਅਤੇ ਰਵਿਆ ਰਹਿੰਦਾ ਹੈ।

ਸੱਚੇ ਸਿਮਰਨ-ਦਾਤੇ ਸਤਿਗੁਰੂ ਤੋਂ ਨਾਮ ਦ੍ਰਿੜ੍ਹ ਹੋਣ ਕਰਿ ਹੀ ਸਿਮਰਨ ਦਾ ਸੱਚਾ ਰਸ ਆਉਂਦਾ ਹੈ। ਇਹ ਅੰਮ੍ਰਿਤ-ਰਸ ਰਸੀਣੀ ਬਿਰਤੀ ਹੀ ਸੱਚੀ ਪ੍ਰੀਤਿ-ਪਿਆਰ ਦੀ ਭਾਹ ਹਿਰਦੰਤਰਿ ਬੁਰੱਕੀ ਰਖਦੀ ਹੈ। ਅਜਿਹੇ ਅਮਿਓ-ਰਸ-ਬੁਰਕੜੀ-ਬਿਰਤੀ ਵਾਲੇ ਪ੍ਰੀਤ-ਪਿਰੰਮੀ ਰਸਕ-ਬੈਰਾਗੀਅੜੇ ਗੁਰੂ ਦੇ ਅਪਾਰ ਹੇਤ ਪਿਆਰ ਪ੍ਰਾਇਣ ਹੋ ਕੇ ਸਦਾ ਹੀ ਹਰਿ ਕੇ ਗੁਣ ਰਵਦੇ ਰਹਿੰਦੇ ਹਨ। ਗੁਰ-ਸ਼ਬਦ ਸਮੱਗਰੀ ਦਾ ਸਮੂਹ ਹੋਣ ਕਰਿ, ਅਰਥਾਤ ਬਾਣੀ ਦੇ ਬੋਹਿਥ ਹੋਣ ਕਰਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਅੰਮ੍ਰਿਤ ਬਾਣੀ, ਹਰਿ-ਨਾਮ ਪ੍ਰਾਪਤੀ ਕਰਾਉਂਦੀ ਹੈ। ਯਥਾ ਗੁਰਵਾਕ—

ਬਿਨੁ ਗੁਰ ਪ੍ਰੀਤਿ ਨ ਊਪਜੈ ਭਾਈ ਮਨਮੁਖ ਦੂਜੈ ਭਾਇ ॥ ਤੁਹ ਕੁਟਹਿ ਮਨਮੁਖ ਕਰਮ ਕਰਹਿ ਭਾਈ ਪਲੈ ਕਿਛੂ ਨ ਪਾਇ ॥੨॥ ਗੁਰ ਮਿਲਿਐ ਨਾਮੁ ਮਨਿ ਰਵਿਆ ਭਾਈ ਸਾਚੀ ਪ੍ਰੀਤਿ ਪਿਆਰਿ ॥ ਸਦਾ ਹਰਿ ਕੇ ਗੁਣ ਰਵੈ ਭਾਈ ਗੁਰ ਕੈ ਹੇਤਿ ਅਪਾਰਿ ॥੩॥ ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥ ਨਾਨਕ ਨਾਮੁ ਹਰਿ ਪਾਈਐ ਭਾਈ ਗੁਰ ਸਬਦੀ ਮੇਲਾਇ ॥੪॥੮॥

[ਸੋਰਠਿ ਮ: ੩, ਪੰਨਾ ੬੦੩

ਤ੍ਰੈਗੁਣ ਧਾਤ ਨੂੰ ਤਜਾਇ ਕੇ ਚੌਥੇ ਪਦ ਵਿਚ ਚਿਤ ਲਾਉਣ ਵਾਲੀ ਬਾਣੀ ਸੱਚੇ ਸਤਿਗੁਰੂ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੀ ਹੈ। ਇਹ ਬਾਣੀ ਦਾ ਬੋਹਿਥ ਗੁਰੂ ਹੀ ਨਹੀਂ, ਬਲਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਇਸ ਜੁਗ ਅੰਤਰਿ ਸੱਚਾ ਸੁਖ-ਸਾਗਰੁ ਸਤਿਗੁਰੂ ਹੈ। ਇਸ ਸੁਖ-ਸਾਗਰ ਸਤਿਗੁਰੂ ਬਾਝੋਂ ਹੋਰਥੇ ਕਿਤੇ ਭੀ ਸੁਖ ਨਹੀਂ। ਹੋਰ ਸਾਰਾ ਜਗਤ (ਕੀ ਆਪੋਂ ਬਣ ਬਹਿਣਹਾਰੇ ਗੁਰੂ, ਕੀ ਏਹਨਾਂ ਦੇ ਚੇਲੇ) ਹਉਮੈ ਦੇ ਦੁਖ-ਰੋਗ ਵਿਚ ਹੀ ਗ੍ਰਸਤ ਹੋਇਆ ਵਿਆਪਤ ਹੈ ਅਤੇ ਮਰ ਮਰ ਜਨਮਦਾ ਅਤੇ ਧਾਹਾਂ ਮਾਰ ਮਾਰ ਰੋਂਦਾ ਫਿਰਦਾ ਹੈ। ਜੋ ਪ੍ਰਾਣੀ ਸੱਚੇ ਸਤਿਗੁਰੂ ਦੀ ਸਿਮਰਨ-ਭਜਨ ਰੂਪੀ ਸੇਵਾ-ਭਗਤੀ ਕਰਦੇ ਹਨ ਤਿਨ੍ਹਾਂ ਨੂੰ ਹੀ ਸੱਚਾ ਸੁਖ ਪ੍ਰਾਪਤ ਹੁੰਦਾ ਹੈ। ਸੱਚੇ ਸਤਿਗੁਰੂ ਦੇ ਚਾਕਰ ਸੇਵਕ ਸਿਖ ਬਣਿਆਂ ਹੀ ਤੱਤ-ਆਤਮ ਅਨੰਦੀ ਸੁਖ ਦੀ ਲਭਤਾ ਹੁੰਦੀ ਹੈ, ਨਹੀਂ ਤਾਂ ਇਸ ਲਭਤਾ ਬਿਹੂਣ ਸਾਰਾ ਜਨਮ ਹੀ ਬਿਰਥਾ ਗਵਾਇਆ ਜਾਂਦਾ ਹੈ ਅਤੇ ਅਜਾਈਂ ਹੀ ਬਤੀਤ ਹੋ ਜਾਂਦਾ ਹੈ। ਸਤਿਗੁਰੂ ਦੀ ਸੱਚੀ ਦੀਖਿਆ ਗੁਰਮੰਤਰ-ਸਿਮਰਨ ਤੋਂ ਵਾਂਜਿਆਂ ਨੂੰ ਤ੍ਰੈਗੁਣ ਧਾਤ ਕੁਧਾਤੀ ਬਹੁ ਕਰਮ ਕਮਾਵਣ ਦੀ ਦੁਬਿਧਾ ਕੁਵਾਟੜੀ ਵਿਚ ਫਸ ਕੇ ਹੋਛੇ ਰਸਾਂ ਵਿਚ ਪਰਵਿਰਤ ਹੋ ਕੇ ਆਪਣਾ ਜਨਮ ਅਕਾਰਥ ਖੋਣਾ ਪੈਂਦਾ ਹੈ। ਉਨ੍ਹਾਂ ਨੂੰ ਹਰਿ ਰਸ ਦਾ ਸੁਆਦ ਹੀ ਨਹੀਂ ਆਉਂਦਾ, ਉਹ ਬਥੇਰੇ ਹੋਰ ਮੰਤਰ ਪੜ੍ਹਦੇ ਸਿਮਰਦੇ ਫਿਰਦੇ ਹਨ। ਬਿਨਾਂ ਤਤ-ਮੰਤਰ ਦੀ ਸਿਮਰਨ-ਬੁਝਾਰਤ ਬੁਝੇ ਦੇ ਦੁਖ ਹੀ ਦੁਖ ਪਾਉਂਦੇ ਹਨ। ਸੱਚਾ ਸੁਖ ਨਹੀਂ



www.AKJ.Org

ਮਿਲਦਾ, ਸੁਖ ਤਾਂ ਸਤਿਗੁਰੂ ਸ਼ਰਣੀ ਅਤੇ ਸਤਿਗੁਰੂ-ਸਿਮਰਨੀ-ਮੰਤਰ ਵਿਚ ਹੀ ਹੈ ।

ਸੱਚੇ ਸਤਿਗੁਰੂ ਦਾ ਸੇਵਕ ਸਿਖ ਭਗਤ ਕੋਈ ਵਡਭਾਗਾ ਹੀ ਬਣਦਾ ਹੈ । ਅਤੇ ਤਿਨ੍ਹਾਂ ਵਡ-ਭਾਗਿਆ ਨੂੰ ਹੀ ਸੱਚਾ ਸਤਿਗੁਰੂ ਮਿਲਦਾ ਹੈ ਜਿਨ੍ਹਾਂ ਨੂੰ ਆਪ ਵਾਹਿਗੁਰੂ ਮਿਲਾਉਂਦਾ ਹੈ । ਵਾਹਿਗੁਰੂ ਮਿਲਾਇਆ ਹੀ ਸਤਿਗੁਰੂ ਮਿਲਦਾ ਹੈ, ਵਾਹਿਗੁਰੂ ਬਣਾਇਆ ਹੀ ਸਤਿਗੁਰੂ ਬਣਦਾ ਹੈ, ਹਰ ਕੋਈ ਨਹੀਂ ਬਣ ਸਕਦਾ । ਨਾ ਹੀ ਹਰ ਕਿਸੇ ਨੂੰ ਸਤਿਗੁਰੂ ਮਿਲ ਸਕਦਾ ਹੈ । ਜਿਸ ਕਿਸੇ ਨੂੰ ਵਾਹਿਗੁਰੂ ਬਣਾਇਆ ਅਤੇ ਵਾਹਿਗੁਰੂ ਮਿਲਾਇਆ ਸਤਿਗੁਰੂ ਮਿਲਦਾ ਹੈ, ਤਿਸ ਸੱਚੇ ਸਤਿਗੁਰੂ ਦੁਆਰਾ ਮਿਲੀ ਸਿਮਰਨ ਦੀ ਦਾਤਿ ਦਾ ਅਨੰਦ-ਰਸ ਹੀ ਸ਼ਬਦ ਸਿਮਰਨਹਾਰਿਆਂ ਨੂੰ ਤ੍ਰਿਪਤਾਸਦਾ ਹੈ । ਇਸ ਬਿਧਿ ਹਰਿ-ਰਸ-ਤ੍ਰਿਪਤਾਸੇ ਜਨ ਹੀ ਆਪਣਾ ਆਪ ਵਿਚਹੁੰ ਗਵਾ ਸਕਦੇ ਹਨ । ਸਤਿਗੁਰੂ ਤੋਂ ਘੁਥਾ ਸਾਰਾ ਜਗ ਅੰਧਾ ਹੈ ਅਤੇ ਸਭ ਅੰਧੁ ਹੀ ਕਮਾਉਂਦਾ ਹੈ । ਸਤਿਗੁਰੂ ਬਾਝੋਂ ਇਸ ਅੰਧੇ ਜਗਤ ਨੂੰ ਸੱਚਾ ਮਾਰਗ ਪ੍ਰਮਾਰਥੀ-ਮਾਰਗ ਨਹੀਂ ਨਸੀਬ ਹੁੰਦਾ। ਸਤਿਗੁਰੂ ਮਿਲਿਆਂ ਹੀ ਸੱਚਾ ਪ੍ਰਮਾਰਥੀ ਮਾਰਗ ਪਰਗਟ ਪਹਾਰੇ ਜਾਪਦਾ ਹੈ ਅਤੇ ਘਟ ਘਟ ਅੰਦਰੇ ਹੀ ਸਚ-ਪਦਾਰਥ-ਨਾਮੁ ਨਾਮੀ ਦੇ ਜੋਤਿ ਸਰੂਪ ਪਰਤੱਖ ਦਰਸ਼ਨ ਹੋ ਜਾਂਦੇ ਹਨ । ਯਥਾ ਗੁਰਵਾਕ :—

ਸਤਿਗੁਰੁ ਸੁਖ ਸਾਗਰੁ ਜਗ ਅੰਤਰਿ ਹੋਰਥੈ ਸੁਖੁ ਨਾਹੀ ॥ ਹਉਮੈ ਜਗਤੁ ਦੁਖਿ ਰੋਗਿ ਵਿਆਪਿਆ ਮਰਿ ਜਨਮੈ ਰੋਵੈ ਧਾਹੀ ॥੧॥ ਪ੍ਰਾਣੀ ਸਤਿਗੁਰੁ ਸੇਵਹਿ ਤਾ ਸੁਖੁ ਪਾਇ ॥ ਸਤਿਗੁਰੁ ਸੇਵਹਿ ਤਾ ਸੁਖੁ ਪਾਵਹਿ ਨਾਹਿ ਤ ਜਾਹਿਗਾ ਜਨਮੁ ਗਵਾਇ ॥ਰਹਾਉ॥ ਤ੍ਰੈਗੁਣ ਧਾਤੁ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ॥ ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨੁ ਬੂਝੇ ਦੁਖੁ ਪਾਇਆ ॥੨॥ ਸਤਿਗੁਰੁ ਸੇਵੇ ਸੋ ਵਡਭਾਗੀ ਜਿਸ ਨੋ ਆਪਿ ਮਿਲਾਇ ॥ ਹਰਿ ਰਸੁ ਪੀ ਜਨ ਸਦਾ ਤ੍ਰਿਪਤਾਸੇ ਵਿਚਹੁ ਆਪੁ ਗਵਾਏ ॥੩॥ ਇਹੁ ਜਗੁ ਅੰਧਾ ਸਭੁ ਅੰਧੁ ਕਮਾਵੈ ਬਿਨੁ ਗੁਰ ਮਗੁ ਨ ਪਾਏ ॥ ਨਾਨਕ ਸਤਿਗੁਰੁ ਮਿਲੈ ਤ ਅਖੀ ਵੇਖੈ ਘਰੈ ਅੰਦਰਿ ਸਚੁ ਪਾਏ ॥੪॥੧੦॥ [ਸੋਰਠਿ ਮ: ੩, ਪੰਨਾ ੬੦੩

ਅਕਾਲ ਪੁਰਖੁ ਵਾਹਿਗੁਰੂ ਤਾਂ ਦਿਨ ਰਾਤ ਹਿਰਦੇ ਅੰਦਰ ਗੁਪਤ ਵਰਤਦਾ ਹੈ, ਪਰ ਇਸ ਗੁਪਤ ਵਰ-ਤਦੇ ਵਾਹਿਗੁਰੂ ਦੀ ਸੂਝ ਮਨਮੁਖ ਗਵਾਰ ਲੋਗਾਂ, ਗੁਰੂ ਤੋਂ ਬੇਮੁਖਾਂ ਨੂੰ ਨਹੀਂ ਪੈ ਸਕਦੀ । ਸਤਿਗੁਰੂ ਸਤਿ ਪੁਰਖੁ ਜਿਸ ਨੂੰ ਮਿਲਿਆ ਹੈ ਤਿਸ ਨੂੰ ਅੰਤਰਗਤੋਂ ਘਟ ਅੰਤਰੋਂ ਗੁਪਤੋਂ ਹੀ ਵਾਹਿਗੁਰੂ ਪਰਗਟ ਹੋ ਗਿਆ ਹੈ । ਪਰ ਪਰਗਟ ਕਿਸ ਗਤੀ ਕਰ ਕੇ ਹੋਇਆ ਹੈ ? ਵਾਹਿਗੁਰੂ ਦੇ ਗੁਣ ਗਾਵਣ ਕਰਿ, ਅਤੇ ਵਾਹਿਗੁਰੂ ਗੁਣਾਂ ਸਿਰ ਨਾਮ ਗੁਣਾਂ ਦੀ ਅਭਿਆਸ ਕਮਾਈ ਰੂਪੀ ਵੀਚਾਰ ਗਤੀ ਪ੍ਰਾਪਤੀ ਹੋਣ ਕਰਿ । ਏਹਨਾਂ ਵਾਹਿਗੁਰੂ ਗੁਣਾਂ, ਅੰਮ੍ਰਿਤ ਗੁਣਾਂ, ਗੁਰਬਾਣੀ ਰੂਪ ਅੰਮ੍ਰਿਤ ਗੁਣਾਂ ਦੀ ਲਭਤਾ ਹੁੰਦੀ ਹੈ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਸੱਚੇ ਸੁਖ-ਸਾਗਰ ਗੁਣਾਂ ਰਤਨਾਗਰ ਸੱਚੇ ਗੁਰੂ ਪਾਸੋਂ ਹੁੰਦੀ ਹੈ, ਹੋਰ ਕਿਤੇ ਨਾਹੀਂ । ਯਥਾ ਗੁਰਵਾਕ—

ਤੂੰ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ
ਤੇਰਾ ਭਾਉ ਨ ਬੁਝਹਿ ਗਵਾਰੀ ॥
ਸਤਿਗੁਰੁ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ
ਗੁਣ ਗਾਵੈ ਗੁਣ ਵੀਚਾਰੀ ॥੨॥(੪॥੭)
[ਸੋਰਠਿ ਮ: ੪, ਪੰਨਾ ੬੦੭

ਸੋ ਪ੍ਰਮਾਰਥ ਦੇ ਸੱਚੇ ਖੋਜੀਆਂ ਨੂੰ ਚਾਹੀਦਾ ਹੈ ਕਿ ਸਤਿਗੁਰੂ ਸਚੁ ਦਾਤਾਰ ਨੂੰ ਛਡ, ਸੁਖ ਸਾਗਰੁ ਸਤਿਗੁਰੂ ਨੂੰ ਛਡ ਕੇ, ਅੰਮ੍ਰਿਤ ਗੁਣਾਂ ਦੇ ਭੰਡਾਰ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਨੂੰ ਛਡ ਕੇ ਹੋਰ ਮੜ੍ਹੇ ਸਰੀਰ ਦੀ ਮਸਾਣ-ਪੂਜਾ ਦੀ ਦੁਬਿਧਾ ਵਿਚ ਪਰਵਿਰਤ ਨ ਹੋਣ । ਆਪਣੇ ਘਰ, ਗੁਰੂ ਘਰ, ਸਭ ਤੋਂ ਵੱਡੇ ਘਰ ਗੁਰਮਤਿ-ਮਾਰਗ ਨੂੰ ਛਡ ਕੇ ਪਰ-ਘਰ ਜਾਣ ਦੀ ਤ੍ਰਿਸ਼ਨਾ ਵਿਚ ਨ ਰਚਣ । ਇਹ ਸਭ ਭਰਮਣ-ਭਟਕਣੀ ਤ੍ਰਿਸ਼ਨਾ ਨਾਮ ਨੇ ਹੀ ਬੁਝਾ-ਉਣੀ ਹੈ ਅਤੇ ਨਾਮ, ਗੁਰਮਤਿ ਨਾਮ ਕੇਵਲ ਗੁਰੂ ਘਰ ਵਿਚ ਹੀ ਮਿਲ ਸਕਦਾ ਹੈ, ਹੋਰ ਕਿਤੇ ਨਹੀਂ ।

["ਨਾਮ ਤੇ ਨਾਮ ਦਾ ਦਾਤਾ ਸਤਿਗੁਰੂ' ਪੁਸਤਕ ਵਿਚੋਂ

www.AKJ.Org

# ਕਲਜੁਗ ਦੇ ਤਾਰਨੇ ਨੂੰ ਸਤਿਗੁਰੂ ਨਾਨਕ ਆਇਆ

[ਵਲੋਂ—ਸ: ਮਹਿੰਦਰ ਸਿੰਘ 'ਭੰਵਰਾ' (ਏਅਰ ਫੋਰਸ ਹਾਸੀਮਾਰਾ)]

ਬਾਬਰ ਦੀ ਚੱਕੀ ਨੇ ਕੀਤਾ ਹਿੰਦ ਦਾ ਜਦੋਂ ਬੁਰਾਦਾ,
ਮੰਦਿਰ ਢਹਿ ਕੇ ਢੇਰੀ ਹੋਏ ਉੱਚਾ ਚੜ੍ਹ ਗਿਆ ਕਾਬ੍ਹਾ,
ਧੜੀ ਧਰਮ ਦੀ ਸੱਸਤੀ ਹੋਈ ਭਾਰਾ ਪਾਪ ਦਾ ਛਾਬਾ,
ਮਜ਼ਲੂਮਾਂ ਦੀ ਇਜ਼ਤ ਦਾ ਜਦ ਨਿਕਲ ਗਿਆ ਜਨਾਜ਼ਾ,
ਤਦ "ਆਪਿ ਨਰਾਇਣ ਕਲਾ ਧਾਰਿ" ਦੁਨੀਆ ਸੋਧਣ ਆਇਆ,
ਕਲਜੁਗ ਦੇ ਤਾਰਨੇ ਨੂੰ ਸਤਿਗੁਰੂ ਨਾਨਕ ਆਇਆ ।੧।

ਆਦਿ ਪੁਰਖ ਇਕ ਪੁਤਲਾ ਘੜਿਆ ਨਾਨਕ ਨਾਮ ਰਖਾਇਆ।
ਜੋ ਸੱਚ ਨਾਮ ਦਾ ਹੋਕਾ ਦੇਵਣ ਮਾਤ ਲੋਕ ਵਿਚ ਆਇਆ।
ਪੌਣਾਂ ਉਸ ਨੂੰ ਚੌਰ ਕਰਦੀਆਂ ਸੂਰਜ ਸੀਸ ਝੁਕਾਇਆ।
ਨਵ ਖੰਡਾਂ ਤਕ ਪ੍ਰਿਥਵੀ ਜਾਗੀ ਨਾਨਕ ਚਰਨ ਛੁਹਾਇਆ।
ਕਲਜੁਗ ਦੇ ਤਾਰਨੇ ਨੂੰ ਸਤਿਗੁਰੂ ਨਾਨਕ ਆਇਆ ।੨।

ਕੌੜੇ ਰੀਠੇ ਮਿੱਠੇ ਹੋ ਗਏ ਛੁਹ ਨਾਨਕ ਦੀ ਪਾ ਕੇ।
ਠੱਗਾਂ ਤੋਂ ਸੱਜਣ ਬਣ ਜਾਂਦੇ ਨਾਨਕ ਨਾਮ ਧਿਆ ਕੇ।
ਰਾਖ਼ਸ਼ ਤੋਂ ਮਾਣਸ ਹੋ ਜਾਂਦੇ ਉਸ ਦੀ ਸ਼ਰਨ 'ਚ ਆ ਕੇ।
ਅੱਕਾਂ ਨੂੰ ਮਿਠੇ ਅੰਬ ਲਗਣ (ਜਦ) ਨਾਨਕ ਵੇਖੇ ਖਾ ਕੇ।
ਝੂਠ - ਹਨੇਰਾ ਦੂਰ ਹੋ ਗਿਆ ਸੱਚ ਦਾ ਚਾਨਣ ਛਾਇਆ।
ਕਲਜੁਗ ਦੇ ਤਾਰਨੇ ਨੂੰ ਸਤਿਗੁਰੂ ਨਾਨਕ ਆਇਆ ।੩।

ਮੱਕਾ ਜਿਸ ਦੇ ਚਰਨ ਪੂਜਦਾ, ਨਾਗ ਕਰੇਂਦੇ ਸਾਇਆ।
ਉਸ ਦੀ ਮਿੱਠੀ ਤੱਕਣੀ ਅੰਦਰ "ਧੰਨ ਕਰਤਾਰ" ਸਮਾਇਆ।
ਡੁੱਬਦੀ ਦੁਨੀਆ ਤਾਰਨ ਲਈ ਜਿਸ "ਨਾਮ ਜਹਾਜ਼" ਬਣਾਇਆ।
ਸਤਿਨਾਮ ਦੇ ਮਾਰੇ ਛੱਟੇ, ਸੁੱਤਾ ਜਗਤ ਜਗਾਇਆ।
"ਅਨਹਦ ਨਾਦਿ" ਧੁਨੀ ਛਿੜ ਜਾਂਦੀ, (ਜਦ) ਸਤਿਗੁਰ ਸ਼ਬਦ ਸੁਣਾਇਆ।
ਕਲਜੁਗ ਦੇ ਤਾਰਨੇ ਨੂੰ ਸਤਿਗੁਰੂ ਨਾਨਕ ਆਇਆ ।੪।

ਜੋ ਸੱਚ ਧਰਮ ਦੀ ਕਰੇ ਕਮਾਈ ਸੱਚ ਦੇ ਸੌਦੇ ਕਰਦਾ।
ਸੱਚ ਨਾਮ ਦਾ ਖੰਡਾ ਫੜ ਕੇ ਜ਼ੁਲਮ ਜਬਰ ਨਾਲ ਲੜਦਾ।
ਮਲਕ ਭਾਗੋ ਦੇ ਛੱਡ ਚੁਬਾਰੇ, ਦਮ ਲਾਲੋ ਦਾ ਭਰਦਾ।
ਜਿਸ ਨੂੰ ਨਜ਼ਰ ਮਿਹਰ ਦੀ ਮਾਰੇ ਉਹ ਭਵ-ਸਾਗਰ ਤਰਦਾ।
'ਭੌਰੇ' ਨਾਨਕ ਨਾਮ ਧਿਆਵੋ, ਮਾਣਸ ਜਨਮ 'ਥਿਆਇਆ।
ਕਲਿਜੁਗ ਦੇ ਤਾਰਨੇ ਨੂੰ ਸਤਿਗੁਰੂ ਨਾਨਕ ਆਇਆ ।੫।



www.AKJ.Org

# ਗੁਰਮੁਖਿ ਮਿਸ਼ਨ

[ ਵਲੋਂ—ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ ]

ਗੁਰਮੁਖਿ ਵੈਰੁ ਵਿਰੋਧੁ ਗਵਾਵੈ ॥
ਗੁਰਮੁਖਿ ਸਗਲੀ ਗਣਤ ਮਿਟਾਵੈ ॥ ੩੭ ॥
[ਸਿਧ ਗੋਸਟਿ ਮ: ੧, ਪੰਨਾ ੯੪੨

ਗੁਰਮੁਖਿ ਸਚੁ ਬੈਣੀ, ਗੁਰਮੁਖਿ ਸਚੁ ਨੈਣੀ ॥ ਗੁਰਮੁਖਿ ਸਚੁ ਕਮਾਵੈ ਕਰਣੀ ॥
ਸਦ ਹੀ ਸਚੁ ਕਹੈ ਦਿਨੁ ਰਾਤੀ, ਅਵਰਾ ਸਚੁ ਕਹਾਇਦਾ ॥ ੫ ॥
[ਮਾਰੂ ਮ: ੩, ਪੰਨਾ ੧੦੫੯

'ਗੁਰਮੁਖਿ ਕਲਿ ਵਿਚਿ ਪਰਗਟੁ ਹੋਆ' ਪੰਕਤੀ ਵਿੱਚ ਅੰਕਤਿ 'ਗੁਰਮੁਖਿ' ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਲਖਾਇਕ ਹੈ। ਆਪ ਜੀ ਨੇ ਅੱਜ ਤੋਂ ਲਗ ਪਗ ੫੦੦ ਵਰ੍ਹੇ ਪਹਿਲਾਂ ਭਗਤੀ-ਲਹਿਰ ਦੇ ਨਾਲ ਗੁਰਮਤਿ-ਲਹਿਰ ਨੂੰ ਜਨਮ ਦਿੱਤਾ। ਆਪ ਜੀ ਨੇ ਇਲਾਹੀ ਗਿਆਨ ਦੀਆਂ ਨੂਰੀ ਸੀਤਲ ਰਿਸ਼ਮਾਂ ਦੇ ਪ੍ਰਕਾਸ਼ ਨਾਲ ਤ੍ਰਿਸ਼ਨਾ ਤੇ ਹਉਮੈ ਦੀ ਅੱਗ ਵਿੱਚ ਸੜਦੀ ਬਲਦੀ ਲੋਕਾਈ ਨੂੰ ਠਾਰਿਆ। ਭਾਰਤਵਾਸੀਆਂ, ਜੋ ਕਈ ਸਦੀਆਂ ਤੋਂ ਪਰਾਧੀਨਤਾ ਦੀਆਂ ਜ਼ੰਜੀਰਾਂ ਵਿਚ ਜਕੜੇ ਹੋਏ ਹੋਣ ਕਰਕੇ ਸਵੈ-ਮਾਨ ਗਵਾ ਬੈਠੇ ਸਨ, ਨੂੰ ਆਤਮਿਕ ਜਾਗ੍ਰਤੀ ਦੁਆਰਾ ਬੰਧਨਿ-ਮੁਕਤਿ ਕਰਵਾਉਣ ਦਾ ਮਿਸ਼ਨ ਆਰੰਭਿਆ। ਉਸ ਸਮੇਂ ਧਰਮ-ਨਿਰਪੇਖਤਾ ਦਾ ਨਾਮੋ-ਨਿਸ਼ਾਨ ਨਹੀਂ ਸੀ ਰਿਹਾ। ਰਾਜਸੀ ਤੇ ਧਾਰਮਿਕ ਖੇਤਰ ਵਿਚ ਨਿਰੀ ਧੁੰਧ ਪਸਰੀ ਹੋਈ ਸੀ। ਜਿਵੇਂ ਧੁੰਧਲੇ ਵਾਤਾਵਰਨ ਵਿਚ ਮੋਟਰਾਂ, ਗੱਡੀਆਂ, ਹਵਾਈ ਜਹਾਜ਼ਾਂ ਆਦਿ ਦੇ ਹਾਦਸੇ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ ਤਿਵੇਂ ਹੀ ਉਸ ਸਮੇਂ ਧਰਮੀ ਸਮਾਜ ਵਿੱਚ ਫੈਲੀ ਹੋਈ ਅਗਿਅਨਤਾ ਕਾਰਨ ਬ੍ਰਾਹਮਣਾਂ ਅਤੇ ਮੌਲਾਣਿਆਂ ਦਾ ਆਪਸੀ ਟਕਰਾਉ ਲੱਗਾ ਹੀ ਰਹਿੰਦਾ ਸੀ। ਗੁਰੂ ਬਾਬਾ ਜੀ ਦੇ ਸਮਕਾਲੀ ਇਤਿਹਾਸ ਵਾਚਣ ਮਗਰੋਂ ਇਹ ਸਚਾਈ ਪ੍ਰਤੱਖ ਸਾਹਮਣੇ ਪ੍ਰਗਟ ਹੁੰਦੀ ਹੈ ਕਿ ਉਸ ਸਮੇਂ ਚਾਰ ਵਰਨਾਂ ਦੇ ਝਗੜੇ, ਊਚ-ਨੀਚ, ਜ਼ਾਤ-ਪਾਤ ਆਦਿ ਦੇ ਵਿਤਕਰੇ ਅਤੇ ਪਾਖੰਡ ਜ਼ੋਰਾਂ ਤੇ ਸੀ। ਇਕ ਪਾਸੇ ਤਾਂ ਹਿੰਦੂਆਂ ਵਿਚ ਇਹ ਅਹਿਸਾਸ ਇਤਨਾ ਘਰ ਕਰ ਚੁਕਿਆ ਸੀ ਕਿ ਤੁਰਕ-ਰਾਜ ਹੁੰਦਿਆਂ ਵੀ ਉਹ ਮੁਸਲਮਾਨਾਂ ਨਾਲ ਛੂਹਣਾ ਤੱਕ ਵੀ ਭਿੱਟ ਮੰਨਦੇ ਸਨ, ਪਰ ਦੂਜੇ ਪਾਸੇ ਬ੍ਰਾਹਮਣ ਆਗੂਆਂ ਦੇ ਆਚਰਣ ਦੀ ਇਹ ਦਸ਼ਾ ਸੀ :—

ਮਾਣਸ - ਖਾਣੇ ਕਰਹਿ ਨਿਵਾਜ ॥
ਛੁਰੀ ਵਗਾਇਨਿ ਤਿਨ ਗਲਿ ਤਾਗ॥
ਤਿਨ ਘਰਿ ਬ੍ਰਹਮਣ ਪੂਰਹਿ ਨਾਦ॥
ਉਨ੍ਹਾ ਭਿ ਆਵਹਿ ਓਈ ਸਾਦ ॥
ਕੂੜੀ ਰਾਸਿ ਕੂੜਾ ਵਾਪਾਰੁ ॥
ਕੂੜੁ ਬੋਲਿ ਕਰਹਿ ਆਹਾਰੁ ॥
ਸਰਮ ਧਰਮ ਕਾ ਡੇਰਾ ਦੂਰਿ ॥
ਨਾਨਕ ਕੂੜੁ ਰਹਿਆ ਭਰਪੂਰਿ ॥
[ਮ: ੧, ਪੰਨਾ ੪੭੦

ਰਾਜਸੀ ਸੱਤਾ ਦੀ ਵਰਤੋਂ ਵੀ ਅੰਤਮ ਸਿਖਰਾਂ ਨੂੰ ਛੋਹ ਚੁਕੀ ਸੀ, ਜਿਵੇਂ ਕਿ 'ਬਾਬਰ ਵਾਣੀ' ਵਿਚੋਂ ਸੰਕੇਤ ਮਿਲਦਾ ਹੈ :—

ਬਾਬਰਵਾਣੀ ਫਿਰਿ ਗਈ,
ਕੁਇਰੁ ਨ ਰੋਟੀ ਖਾਇ ॥
[ਆਸਾ ਮ: ੧, ਪੰਨਾ ੪੧੭


www.AKJ.Org

ਫਿਰ— ਕਲਿ ਕਾਤੀ ਰਾਜੇ ਕਾਸਾਈ,
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ,
ਦੀਸੈ ਨਾਹੀ ਕਹ ਚੜਿਆ ॥
[ਸਲੋਕ ਮ: ੧, ਪੰਨਾ ੧੪੫

ਅਤੇ "ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ* ॥" ਉਸ ਸਮੇਂ ਦੀ ਡਾਵਾਂ-ਡੋਲ ਸਥਿਤੀ ਦੀ ਮੂੰਹ ਬੋਲਦੀ ਤਸਵੀਰ ਹੈ । ਆਰਥਕ ਪੱਖੋਂ ਵੀ ਜਨਤਾ ਜ਼ੁਲਮ ਦੀ ਚੱਕੀ ਵਿੱਚ ਪਿਸ ਰਹੀ ਸੀ। ਹੋਰ ਤਾਂ ਹੋਰ — "ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ‡ ॥" ਦਾ ਅਧਰਮੀ ਹੁਕਮ ਵੀ ਮੰਨਣਾ ਪੈਂਦਾ ਸੀ।

ਧਰਤੀ ਤੇ ਵਾਪਰ ਰਹੀ ਅਜਿਹੀ ਤਰਸਯੋਗ ਹਾਲਤ ਵੇਖ ਕੇ ਅਕਾਲ ਪੁਰਖ ਜੀ ਨੂੰ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਆਪਣੇ ਆਪ ਨੂੰ ਪ੍ਰਗਟ ਕਰਨਾ ਪਿਆ। ਆਪਣੀ ਪੂਰਨ ਸ਼ਕਤੀ ਉਸ ਸਰੂਪ ਵਿਚ ਰੱਖੀ। ਗੁਰੂ ਬਾਬਾ ਜੀ ਨੇ ਹਰ ਪੱਖੋਂ ਦੁਖੀ ਲੋਕਾਈ ਦੀ ਹਾਹਾਕਾਰ ਸੁਣੀ ਅਤੇ ਭਾਂਪੀ ਤਾਂ ਉਨ੍ਹਾਂ ਨੇ ਸਮੁੱਚੀ ਮਾਨਵਤਾ ਦਾ ਦੁੱਖ ਹਰਨ ਹਿਤ ਲੋਕ-ਸੁਧਾਰ ਲਹਿਰ ਚਲਾਉਣ ਦਾ ਆਦਰਸ਼ ਉਲੀਕਿਆ, ਜਿਸ ਦਾ ਚਿਤਰਣ ਕੁਝ ਇਉਂ ਕਿਹਾ ਜਾ ਸਕਦਾ ਹੈ :—

(੧) ਇਕ, ਤੇ ਕੇਵਲ ਇਕ ਅਕਾਲ ਪੁਰਖ ਦਾ ਨਾਮ ਜਪਣਾ, ਧਰਮ ਦੀ ਕਿਰਤ ਕਰਨੀ ਤੇ ਉਸ ਧਰਮ-ਕਿਰਤ ਨੂੰ ਵੰਡ ਕੇ ਛਕਣਾ ।

(੨) ਧਰਮ ਦੀ ਕਿਰਤ ਨੂੰ ਅਮਲੀ ਤੌਰ ਤੇ ਵਡਿਆਉਣ ਹਿਤ ਭਾਈ ਲਾਲੋ ਵਰਗੇ (ਤਰਖਾਣ) ਕਿਰਤੀਆਂ ਨੂੰ ਪਿਆਰਨਾ ਤੇ ਸਤਿਕਾਰਨਾ।

(੩) ਨੀਚਾ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ† ਆਖ ਕੇ ਨੀਚ ਸਮਝੇ ਜਾਂਦੇ ਅਤੇ ਲਿਤਾੜੇ ਹੋਇਆਂ ਨਾਲ ਪਿਆਰ ਕਰਨਾ ਅਤੇ ਉਨ੍ਹਾਂ ਨੂੰ ਉੱਚਾ ਚੁਕਣਾ । ਇਸ ਸਿਧਾਂਤ ਨੂੰ ਅਮਲੀ ਰੂਪ ਵਿਚ ਪ੍ਰਚਾਰਨ ਹਿਤ ਉਨ੍ਹਾਂ ਮਰਦਾਨਾ (ਮਿਰਾਸੀ) ਜੀ ਨੂੰ ਜ਼ਿੰਦਗੀ ਭਰ ਆਪਣੇ ਨਾਲ, ਆਪਣਾ ਭਾਈ ਬਣਾ ਕੇ ਰੱਖਿਆ ।

(੪) ਫੋਕਟ ਕਰਮਾਂ ਅਤੇ ਭਰਮਾਂ ਦੀ ਜਿੱਲ੍ਹਣ ਵਿਚ ਫਸੀ ਹੋਈ ਜਨਤਾ ਨੂੰ ਬਾਹਰ ਕੱਢਣਾ ਅਤੇ ਸਰਬ-ਵਿਆਪੀ ਇਕ ਅਕਾਲ ਸ਼ਕਤੀ ਦੇ ਲੜ ਲਾਉਣਾ ।

(੫) ਖੱਤ੍ਰੀ, ਬ੍ਰਾਹਮਣ, ਸੂਦ, ਵੈਸ਼ ਚਹੁ-ਵਰਨਾਂ ਦਾ ਭੇਦ ਮਿਟਾ ਕੇ ਧਰਮ ਦਾ ਏਕੀਕਰਣ ਕਰਨਾ ।

(੬) 'ਰਾਣਾ ਰੰਕ ਬਰਾਬਰੀ' ਦੇ ਸਿਧਾਂਤ ਨੂੰ ਲੰਗਰ ਦੀ ਪਿਰਤ ਵਿਚ ਰੂਪਮਾਨ ਕਰਨਾ ।

(੭) ਰੱਤ-ਪੀਣੇ ਰਾਜਿਆਂ ਆਦਿ ਨੂੰ ਰਾਹੇ-ਰਾਸਤ ਤੇ ਲਿਆਉਣਾ ।

(੮) ਪਰਾਇਆ ਹੱਕ ਮਾਰਨ ਦੀ ਵਾਦੀ ਦਾ ਦਮਨ ਕਰਨ ਲਈ 'ਉਸੁ ਸੂਅਰ ਉਸੁ ਗਾਇ* ਦਾ ਨਾਅਰਾ ਦੇਣਾ ।

(੯) ਅਤਿ ਭੈੜੀ ਸਮਝੀ ਜਾਂਦੀ ਇਸਤ੍ਰੀ ਜਾਤੀ ਨੂੰ ਸਮਾਜ ਵਿਚ ਯੋਗ ਥਾਂ ਦਿਵਾਉਣਾ ।

(੧੦) "ਕੂੜੁ ਬੋਲਿ ਮੁਰਦਾਰੁ ਖਾਇ.. ‡" ਦਾ ਹੋਕਾ ਦੇ ਕੇ ਲੋਕਾਈ ਨੂੰ ਸੁਚੇਤ ਕਰਨਾ ।

(੧੧) ਵੱਢੀ ਲੈ ਕੇ ਝੂਠੀ ਗਵਾਹੀ ਦੇਣ ਵਾਲਿਆਂ ਨੂੰ ਦੁਰਕਾਰਨਾ ।

(੧੨) ਪੱਥਰ-ਪੂਜਾ ਤੋਂ ਹਟਾ ਕੇ ਲੋਕਾਈ ਨੂੰ ਸਰਬ-ਵਿਆਪੀ ਇਕ ਨਿਰੰਕਾਰ ਪ੍ਰਭੂ ਦੀ ਪੂਜਾ ਵਿਚ ਪਰਵਿਰਤ ਕਰਨਾ ।

(੧੩) ਸਮਾਜ ਵਿਚ ਦਇਆ, ਧਰਮ ਤੇ ਸੇਵਾ ਦੀ ਜੁਗਤੀ ਨੂੰ ਸਾਕਾਰ ਕਰਨਾ ।

---

*ਮ: ੧, ਪੰਨਾ ੧੨੮੮ ।
‡ ਬਸੰਤੁ ਹਿੰਡੋਲੁ ਮ: ੧; ਪੰਨਾ ੧੧੯੧
† ਸਿਰੀਰਾਗੁ ਮ: ੧, ਪੰਨਾ ੧੫

*ਮ: ੧, ਪੰਨਾ ੧੪੧
‡ ਸਲੋਕੁ ਮ: ੧, ਪੰਨਾ ੧੪੧



www.AKJ.Org

(੧੪) 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ'* ਦਾ ਮੂਲ-ਸਿਧਾਂਤ ਚੇਤੇ ਕਰਾਉਣਾ।

(੧੫ ਲੋਕਾਂ ਦੇ ਹਿਰਦੇ ਵਿਚ ਰੱਬੀ ਭੈ ਤੇ ਭਾਵਨਾ ਭਰ ਕੇ ਦੁਨਿਆਵੀ ਭੈ ਤੋਂ ਮੁਕਤ ਕਰਨਾ।

(੧੬) ਸਰਬ-ਸਾਂਝੀਵਾਲਤਾ ਦਾ ਝੰਡਾ ਬੁਲੰਦ ਕਰਨਾ। ਸਭ ਨੂੰ ਆਪਣਾ ਸਮਝਣਾ ਅਤੇ ਅਤਿਥੀਆਂ ਦੀ ਸੇਵਾ ਸੰਭਾਲ ਲਈ ਸਾਂਝੇ ਅਸਥਾਨ (ਧਰਮਸਾਲਾਂ) ਬਣਾਉਣੀਆਂ। ਆਦਿ ਆਦਿ।

ਆਪ ਜੀ ਨੇ ਇਸ ਤਰ੍ਹਾਂ ਦੇ ਕਈ ਮਾਟੋ ਗੁਰਮੁਖਿ-ਮਿਸ਼ਨ ਨੂੰ ਚਲਾਉਣ ਹਿਤ ਤਿਆਰ ਕੀਤੇ। ਗੱਲ ਕੀ, ਸੱਚ-ਧਰਮ ਨੂੰ ਦ੍ਰਿੜ੍ਹ ਕਰਾਉਣ ਲਈ ਸਮਾਜ ਦੀ ਸਿਰਜਣਾ ਨਵੇਂ ਸਿਰਿਓਂ ਕੀਤੀ, ਜਿਸ ਵਿਚ ਉਕਤ ਸਿਧਾਂਤਾਂ ਨੇ ਮੀਲ-ਪੱਥਰ ਦਾ ਕੰਮ ਕੀਤਾ। ਆਪ ਜੀ ਨੇ ਕੁੱਲ ਦੁਨੀਆ ਵਿਚ ਫਿਰ ਕੇ ਉਕਤ ਗੁਰਮੁਖਿ ਮਿਸ਼ਨ ਦਾ ਪ੍ਰਚਾਰ ਕੀਤਾ।

ਅੱਜ ਸਮੂਹ ਸੰਸਥਾਵਾਂ ਤੇ ਜਥੇਬੰਦੀਆਂ, ਜੋ ਆਪਣੇ ਆਪ ਨੂੰ ਇਨਸਾਨੀਅਤ ਦੀ ਪੂਜਕ ਸਮਝ-ਦੀਆਂ ਹਨ, ਆਪਣੇ ਗਿਰੀਵਾਨ ਵਿਚ ਜ਼ਰਾ ਝਾਤੀ ਮਾਰ ਕੇ ਵੇਖਣ ਕਿ ਕੀ ਉਹ ਜਗਤ-ਗੁਰੂ, ਅਕਾਲ ਰੂਪ ਗੁਰੂ ਬਾਬਾ ਨਾਨਕ ਜੀ ਦੇ ਦੱਸੇ ਅਤੇ ਪ੍ਰਚਾਰੇ ਹੋਏ 'ਗੁਰਮੁਖਿ-ਮਿਸ਼ਨ, ਤੇ ਆਪ ਚੱਲ ਵੀ ਰਹੀਆਂ ਹਨ? ਜਿਹੜੇ ਬੰਦੇ ਜਾਂ ਧਾਰਮਕ ਆਗੂ ਆਪਣਾ ਜੀਵਨ ਗੁਰਮਤਿ-ਆਸ਼ੇ ਅਨੁਸਾਰ ਜੀਉ ਰਹੇ ਹਨ, ਉਹ ਹੀ ਹੋਰਨਾਂ ਨੂੰ ਗੁਰਮੁਖਿ ਮਾਰਗ ਤੇ ਚੱਲਣ ਦੀ ਪ੍ਰੇਰਨਾ ਦੇ ਸਕਦੇ ਹਨ। ਉਹ ਵਡਭਾਗੇ ਹਨ। ਪਰ ਜਿਨ੍ਹਾਂ ਨੇ ਅਜੇ ਤਕ ਅਜਿਹੀ ਜੀਵਨ-ਜੁਗਤੀ ਨੂੰ ਨਹੀਂ ਅਪਣਾਇਆ ਉਹ ਅਮੋਲਕ ਮਨੁਖਾ ਜਨਮ ਅੰਦਰ ਭਾਰੀ ਉਲੰਘਣਾ ਕਰਕੇ ਆਪਣੇ ਸਿਰ ਉਤੇ ਗੁਨਾਹਾਂ ਦੀ ਪੰਡ ਚੁਕ ਰਹੇ ਹਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੰਜਵੇਂ ਜਾਮੇ ਵਿਚ ਸਪੱਸ਼ਟੀਕਰਨ ਦਿੱਤਾ ਕਿ—

ਅਵਰ ਉਪਦੇਸੈ ਆਪਿ ਨ ਕਰੈ ॥
ਆਵਤ ਜਾਵਤ ਜਨਮੈ ਮਰੈ ॥
ਜਿਸ ਕੈ ਅੰਤਰਿ ਬਸੈ ਨਿਰੰਕਾਰੁ ॥
ਤਿਸ ਕੀ ਸੀਖ ਤਰੈ ਸੰਸਾਰੁ ॥
[ਸੁਖਮਨੀ ਸਾਹਿਬ, ਪੰਨਾ ੨੬੯

ਆਓ, ਆਪਣਾ ਆਪ ਚੀਨੀਏ। ਅਸੀਂ ਇਕ ਦੂਜੇ ਦੀ ਨਿੰਦਾ, ਨੁਕਤਾ-ਚੀਨੀ, ਈਰਖਾ ਆਦਿ ਬਹੁਤੇਰੀ ਕਰਦੇ ਹਾਂ, ਪਰ ਕੀ ਅਸੀਂ ਕਦੇ ਆਪਣੇ ਪਿਉ-ਦਾਦੇ ਦੇ ਬਖਸ਼ੇ ਹੋਏ ਅਮੋਲਕ ਖ਼ਜ਼ਾਨੇ (ਗੁਰਬਾਣੀ) ਦੇ ਦਰਸ਼ਨ ਵੀ ਕੀਤੇ ਹਨ? ਕੀ ਗੁਰੂ-ਬਚਨਾਂ ਅਨੁਸਾਰ ਜੀਵਨ ਢਾਲਿਆ ਜਾ ਰਿਹਾ ਹੈ ਕਿ ਨਹੀਂ? ਗੁਰੂ-ਕਾਰਜਾਂ ਦੇ ਨਾਂ ਹੇਠ ਮਾਇਆ ਤਾਂ ਬਹੁਤ ਇਕੱਤਰ ਕੀਤੀ ਜਾ ਰਹੀ ਹੈ, ਇਮਾਰਤਾਂ ਵੀ ਦਿਨੋ ਦਿਨ ਇਕ ਦੂਜੀ ਤੋਂ ਆਲੀਸ਼ਾਨ ਬਣਾਈਆਂ ਜਾ ਰਹੀਆਂ ਹਨ, ਪਰ ਇਹ ਕਦੀ ਨਹੀਂ ਸੋਚਿਆ, ਇਨ੍ਹਾਂ ਧਰਮ-ਅਸਥਾਨਾਂ ਵਿਚੋਂ ਗੁਰਮੁਖਿ-ਮਿਸ਼ਨ ਦੀ ਕਿਰਨ ਵੀ ਨਿਕਲ ਰਹੀ ਹੈ। ਕੀ ਗੁਰਮਤਿ ਮਿਸ਼ਨਰੀ ਵੀ ਬਣਾਏ ਜਾ ਰਹੇ ਹਨ? ਕੀ ਮਨੁੱਖ-ਮਾਤਰ ਨੂੰ ਗੁਰਮੁਖ ਜੀਵਨ ਦੀ ਸੁਚੱਜੀ ਅਗਵਾਈ ਹਿਤ ਕੋਈ ਪ੍ਰਬੰਧ ਵੀ ਹੋ ਰਿਹਾ ਹੈ? ਕੀ ਅੰਮ੍ਰਿਤ ਵੇਲੇ ਦੀ ਇਨ੍ਹਾਂ ਅਸਥਾਨਾਂ ਵਿਚ ਕਦਰ ਹੈ? ਕੀ ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ ਹਿਤ ਕੋਈ ਸਿਖਲਾਈ ਕੇਂਦਰ ਵੀ ਖੋਲ੍ਹਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ? ਜੇ ਇਸ ਵਿਗਿਆਨਕ ਯੁਗ ਵਿਚ ਸਾਡੇ ਅੰਦਰ ਐਨੀ ਸੂਝ ਵੀ ਪੈਦਾ ਨਹੀਂ ਹੋਈ ਤਾਂ ਗੁਰੂ ਬਾਬਾ ਜੀ ਦੇ ਦਰਸਾਏ ਹੋਏ ਗੁਰਮੁਖੀ ਜੀਵਨ-ਮਾਰਗ ਨੂੰ ਸਾਹਮਣੇ ਰੱਖ ਕੇ ਆਪਣੇ ਜੀਵਨ ਦਾ ਲੇਖਾ-ਜੋਖਾ ਕਰਨਾ ਚਾਹੀਦਾ ਹੈ ਕਿ ਅਸਾਂ ਅਧਿ-ਆਤਮ ਖ਼ੇਤਰ ਵਿਚ ਹੁਣ ਤੀਕ ਕਿਹੜੀ ਅਤੇ ਕਿੰਨੀ-ਕੁ ਖੱਟੀ ਖੱਟੀ ਹੈ।

"ਸਬਦ ਸੁਰਤਿ ਪਰਚਾ ਕਰੈ, ਸਤਿਗੁਰੁ ਪਰਚੈ ਮਨ ਪਰਚਾਏ"† ਵਾਲਾ ਗੁਰਮੁਖ ਜੋਗੀ ਕੋਈ ਵਿਰਲਾ ਹੀ ਹੋਵੇਗਾ। ਅਜਿਹੇ ਵਿਅਕਤੀ ਦੁਨਿਆਵੀ ਵਾਹ

* ਸਿਰੀ ਰਾਗੁ ਮ: ੧, ਪੰਨਾ ੬੨

† ਭਾਈ ਗੁਰਦਾਸ ਜੀ, ਵਾਰ ੨੮, ਪ: ੧੫


www.AKJ.Org

ਵਾਹ ਦੀ ਦਲਦਲ ਤੋਂ ਪਰੇ ਰਹਿੰਦੇ ਹਨ। ਉਹ ਮਾਇਕ ਪ੍ਰਸੰਸਾ ਨੂੰ ਪਰੇ ਸੁਟ ਕੇ ਜਾਂ ਇਸ ਵਿਚ ਅਲੇਪ ਰਹਿ ਕੇ ਲੋਕਾਈ ਨੂੰ ਸ਼ਬਦ-ਸੇਵਾ ਵਿਚ ਲਾਉਣਾ ਆਪਣਾ ਧਰਮ ਸਮਝਦੇ ਹਨ । ਗੁਰੂ ਪੰਥ ਦੀਆਂ ਹੋਰ ਸੇਵਾਵਾਂ ਦੇ ਨਾਲ ਨਾਲ ਗੁਰਧਾਮਾਂ ਨੂੰ ਸੁੰਦਰ ਬਨਾਉਣ ਹਿਤ ਮਾਇਕ ਸੇਵਾ ਕਰਨੀ ਵੀ ਚੰਗੀ ਹੈ, ਮਾੜੀ ਨਹੀਂ, ਪਰ ਅਜਿਹੀ ਸੇਵਾ ਦੇ ਕੀ ਅਰਥ ਹੋਏ ਜਦੋਂ ਕਿ ਅਸੀਂ ਅਜਿਹੇ ਸਿਖਿਆ-ਅਸਥਾਨਾਂ ਵਿਚੋਂ ਗੁਰਮੁਖਿ-ਮਿਸ਼ਨ ਦੇ ਧਾਰਨੀ ਅਮਲੀ ਜੀਵਨ ਵਾਲੇ ਉਪਦੇਸ਼ਟਿਆਂ ਤੋਂ ਵਾਂਝੇ ਰਹਿ ਰਹੇ ਹਾਂ। ਗੁਰਬਾਣੀ ਦੀ ਖੋਜ-ਪ੍ਰਚਾਰ ਕਰਨ ਵਾਲੇ, ਮਾਇਆ ਇਕੱਤਰ ਕਰਨ ਦੇ ਆਹਰ ਵਿਚ ਲਗੇ ਹੋਏ ਹਨ । ਮਾਇਆ ਦਾਨ ਕਰਨ ਵਾਲੇ ਵੀ ਆਪਣੀ ਮਾਇਆ ਸਫਲੀ ਸਮਝ ਰਹੇ ਹਨ, ਭਾਵੇਂ ਧਰਮ ਦੀ ਕਮਾਈ ਹੋਵੇ ਜਾਂ ਨਾ । ਕੁਝ ਕੁ ਆਗੂ "ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ"* ਦੇ ਭਾਵ ਨ ਸਮਝਦੇ ਹੋਏ ਚਾਹ ਤੇ ਚਾਵਲਾਂ ਆਦਿ ਦੇ ਲੰਗਰ ਵਾਸਤੇ ਵਧੇਰੇ ਜ਼ੋਰ ਦੇ ਰਹੇ ਹਨ, ਭਾਵੇਂ ਧਰਮ ਦੀ ਕਮਾਈ ਦੀ ਕੋਈ ਪਰਖ-ਕਸਵੱਟੀ ਨਹੀਂ। ਗੁਰੂ ਘਰ ਜਾਂ ਧਰਮਸਾਲਾਂ ਗੁਰੂ ਜੀ ਦੀ ਦਸੀ ਹੋਈ ਕਾਰ ਕਮਾਉਣ ਲਈ ਹਨ, ਨਾ ਕਿ ਦੁਨਿਆਵੀ ਧੰਨਤਾ ਖੱਟਣ ਦੇ ਸਾਧਨ । ਜਿਵੇਂ ਕਿ ਅੱਜ ਕਲ੍ਹ ਵੋਟਾਂ ਖ਼ਾਤਰ ਅਜਿਹੇ ਅਸਥਾਨਾਂ ਦੀ ਕੁਵਰਤੋਂ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ ਜਾਂਦਾ। ਗੁਰਮੁਖਿ ਮਿਸ਼ਨ ਵਿਚ ਸੀਲੈਕਸ਼ਨ ਪਰਧਾਨ ਹੈ, ਸਰਬ-ਸੰਮਤੀ ਪਰਵਾਨ ਹੈ, ਪਰ ਇਲੈਕਸ਼ਨ ਦੇ ਢੰਗ ਨੂੰ ਕੋਈ ਥਾਂ ਨਹੀਂ। ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤੀ ਧਰਮ ਅਤੇ ਪੰਚਾਇਤੀ ਰਾਜ ਸੰਸਾਰ ਤੇ ਚਲਾਉਣ ਹਿਤ 'ਪੰਚ ਪਰਵਾਣ ਪੰਚ ਪਰਧਾਨੁ...'† ਵਾਲਾ ਫ਼ਾਰਮੂਲਾ ਅਮਲ ਵਿਚ ਲਿਆਉਣਾ ਸਿਖਾਇਆ । ਗੁਰੂ ਸਾਹਿਬ ਜੇ ਚਾਹੁੰਦੇ ਤਾਂ ਆਪ ਆਪਣੇ ਜੀਵਨ ਕਾਲ ਵਿਚ ਗੁਰ-ਅਸਥਾਨਾਂ ਤੇ ਹੀਰਿਆਂ ਮੋਤੀਆਂ ਦੀ ਜੜਤਕਾਰੀ ਕਰਵਾ ਜਾਂਦੇ, ਪਰ ਉਨ੍ਹਾਂ ਨੇ "ਮਤੁ ਦੇਖਿ ਭੂਲਾ ਵੀਸਰੈ, ਤੇਰਾ ਚਿਤਿ ਨ ਆਵੈ ਨਾਉ"* ਵਾਲਾ ਮਹਾਨ ਆਦਰਸ਼ ਇਨਸਾਨ ਦੇ ਸਾਹਮਣੇ ਰਖਿਆ। ਸੱਚੀ ਸੁੱਚੀ ਤੇ ਅਣਖੀਲੀ, ਨਿਰਭੈਤਾ ਤੇ ਨਿਰਮਾਣਤਾ ਵਾਲੀ ਜੀਵਨ-ਜਾਚ ਸਿਖਾਈ। ਜਗਤ ਦਾ ਉਧਾਰ ਕਰਨ ਹਿਤ ਗੁਰੂ ਸਾਹਿਬ ਵਲੋਂ ਜੋ ਮਿਸ਼ਨ ਚਲਾਇਆ ਗਿਆ ਉਸ ਦਾ ਮੁਖ ਪ੍ਰਯੋਜਨ ਮਨੁੱਖ ਨੂੰ ਮੰਜ਼ਲ-ਏ-ਮਕਸੂਦ ਤੇ ਪਹੁੰਚਾਉਣ ਲਈ ਸੱਚੀ ਟਕਸਾਲ ਵਿਚ ਸ਼ਬਦ-ਘੜਨ ਦੀ ਜਾਚ ਸਿਖਾਉਣਾ ਸੀ, ਅਤੇ ਇਕ ਨਮੂਨੇ ਦਾ ਇਨਸਾਨ ਬਣਾਉਣਾ ਸੀ।

'ਗੁਰਮੁਖਿ ਮਿਸ਼ਨ' ਦਾ ਅਮੋਲਕ ਭੰਡਾਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਜੋ ਇਸ ਵੇਲੇ ਸਿੱਖ ਕੌਮ ਪਾਸ ਮੌਜੂਦ ਹੈ, ਸੰਸਾਰ ਦੇ ਕਿਸੇ ਫ਼ਿਰਕੇ ਕੋਲ ਨਹੀਂ। ਦੁੱਖ ਦੀ ਗੱਲ ਹੈ ਕਿ ਇਕ ਪਾਸੇ ਤਾਂ ਜਗਿਆਸੂ ਰੂਪ ਪਪੀਹੇ ਨਾਮ-ਬਾਣੀ ਦੇ ਸੀਤਲ ਜਲ ਤੋਂ ਪਿਆਸੇ ਤੜਫ ਰਹੇ ਹਨ, ਦੂਜੇ ਪਾਸੇ ਗੁਰਮੁਖਿ-ਮਿਸ਼ਨ ਵਿਰੁਧ ਫੋਕੇ ਲੈਕਚਰ ਤੇ ਫ਼ਿਲ-ਸਫ਼ਿਆਂ, ਰਾਗ-ਮੰਚ, ਫਿਲਮਾਂ ਡਰਾਮੇ ਆਦਿ ਸਾਡੇ ਧਰਮ ਦਾ ਆਧਾਰ ਬਣੇ ਪਏ ਹਨ । ਜਿਸ ਘਰ ਵਿਚ "ਹਰਖ ਅਨੰਤ ਸੋਗ ਨਹੀ ਬੀਆ"‡ ਵਾਲੀ ਪੂੰਜੀ ਹੋਵੇ ਉਸ ਵਲ ਸਾਡਾ ਝੁਕਾਉ ਈ ਨਾ ਹੋਵੇ, ਸਗੋਂ ਧਰਮ-ਅਸੂਲਾਂ ਨੂੰ ਛਿੱਕੇ ਤੇ ਟੰਗ ਕੇ ਗੁਰੂ ਦੇ ਭੈ ਦੀ ਪਰਵਾਹ ਨ ਕਰਦੇ ਹੋਏ ਝੂਠੀਆਂ ਉਚ-ਪਦਵੀਆਂ ਦੀ ਪ੍ਰਾਪਤੀ ਲਈ ਇਕ ਦੂਜੇ ਦੀਆਂ ਪੱਗਾਂ ਉਛਾਲਦੇ ਹੋਈਏ, ਕਿੰਨੀ ਹਾਸੋ-ਹੀਣੀ ਦਸ਼ਾ ਬਣੀ ਪਈ ਹੈ। ਇਉਂ ਗੁਰਮੁਖਿ-ਮਿਸ਼ਨ ਦੇ ਧਾਰਨੀ ਕਦਾਚਿਤ ਨਹੀਂ ਅਖਵਾ ਸਕਾਂਗੇ। ਗੁਰਮੁਖਿ ਮਿਸ਼ਨ ਦੇ ਨੇਮ ਕਿਸੇ ਵਿਅਕਤੀ ਨੂੰ ਵੀ ਇਹ ਛੋਟ ਨਹੀਂ ਦਿੰਦੇ ਕਿ ਕੋਈ ਆਪ ਸਤਿਗੁਰੂ ਜੀ ਦੀ ਦਸੀ ਹੋਈ ਰਹਿਣੀ-ਰਹਿਤ ਕਮਾਵੇ ਹੀ ਨਾ, ਪਰ ਆਪ ਤਕੀਏ

* ਵਾਰ ਸਤਾ ਬਲਵੰਡ, ਪੰਨਾ ੯੬੬-੬੭,
†ਜਪੁਜੀ, ਪਉੜੀ ੧੬.

* ਸਿਰੀਰਾਗੁ ਮ: ੧, ਪੰਨਾ ੧੪,
‡ ਗਉੜੀ ਮ: ੫, ਪੰਨਾ ੧੮੬।



www.AKJ.Org

ਲਾ ਕੇ ਹੋਰਨਾਂ ਨੂੰ ਗੁਰ-ਉਪਦੇਸ਼ ਕਮਾਉਣ ਦੀ ਸਿਖ੍ਯਾ ਦਵੇ । ਸਿੱਖ ਦੀ ਰਹਿਣੀ ਵਿਚ ਤਾਂ "ਆਪਿ ਜਪਹੁ ਅਵਰਾ ਨਾਮੁ ਜਪਾਵਹੁ"* ਅਤੇ "ਗੁਰਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰਸਿਖ ਕਰਣਾ"† ਵਾਲਾ ਅਸੂਲ ਪਰਧਾਨ ਹੈ । ਇਨ੍ਹਾਂ ਅਸੂਲਾਂ ਸਬੰਧੀ ਅਮਲੀ ਸਬਕ ਸਿਖਾਉਣ ਹਿਤ ਗੁਰਮੁਖਿ ਮਿਸ਼ਨ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਸੱਜਣ ਠੱਗ, ਕੌਡਾ ਰਾਖਸ਼, ਭੂਮੀਏ ਚੋਰ ਆਦਿ ਵਰਗੇ ਧਰਮ ਤੋਂ ਪਤਿਤ ਹੋਏ ਅਤੇ ਬਿਗੜੇ ਹੋਏ ਲੋਕਾਂ ਨੂੰ ਉਨ੍ਹਾਂ ਦੇ ਡੇਰਿਆਂ ਤੇ ਜਾ ਕੇ ਉਨ੍ਹਾਂ ਨੂੰ ਪਿਆਰ ਭਰੇ ਗੰਭੀਰ ਬਚਨਾਂ ਦੁਆਰਾ ਉਧਾਰਦੇ ਰਹੇ, ਪਰ ਅਜ ਚੰਗੇ ਚੰਗੇ ਰਹਿਤ-ਬਹਿਤ ਦੇ ਧਾਰਨੀ ਜਥੇ, ਪਰ ਰਹਿਤ ਦੇ ਗੂੜ੍ਹ ਭਾਵ ਨੂੰ ਨਾ ਸਮਝਦੇ ਹੋਏ ਅਜਿਹੇ ਬਿਗੜੇ ਹੋਏ ਲੋਕਾਂ ਕੋਲ ਜਾਣ ਤੋਂ ਨਫਰਤ ਕਰਦੇ ਹਨ । ਫਿਰ ਸੁਧਾਰ ਦੀ ਆਸ, ਜੋ ਕਿ 'ਗੁਰਮੁਖਿ ਮਿਸ਼ਨ' ਦਾ ਆਸ਼ਾ ਹੈ, ਕਿਵੇਂ ਪੂਰੀ ਕੀਤੀ ਜਾ ਸਕਦੀ ਹੈ ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਅਨੁਸਾਰ ਤਾਂ 'ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖਿ ਪੰਥੁ ਅਤੀਤੰ'‡ ਹੈ। ਸ਼ਬਦ-ਸੁਰਤਿ ਦੀ ਸੰਭਾਲ, ਪਰਸਪਰ ਪ੍ਰੇਮ ਤੇ ਸਰਬੱਤ ਦਾ ਭਲਾ ਮੰਗਣ ਲਈ ਨਿਰਮਲ ਪੰਥ ਦੀ ਸੁਗੰਧੀ ਖਿਲਾਰਨ ਹਿਤ ਜਦ ਤਕ ਪਹਿਲਾਂ ਸੱਚੀ ਟਕਸਾਲ ਤਿਆਰ ਨਹੀਂ ਹੁੰਦੀ, ਗੁਰਮੁਖਿ-ਮਿਸ਼ਨ ਦੀ ਪੂਰਤੀ ਹੋਣੀ ਅਸੰਭਵ ਹੈ ! ਸੱਚੀ ਟਕਸਾਲ ਲਈ ਤਿਆਗ, ਕੁਰਬਾਨੀ ਅਤੇ ਸੰਜਮ ਦੀ ਲੋੜ ਹੈ । ਗੁਰਬਾਣੀ ਦਾ ਸਹੀ ਰੂਪ ਵਿਚ ਪਿਆਰ ਤੇ ਸਤਿਕਾਰ ਕਰਨਾ ਇਹੋ ਹੈ ਕਿ ਇਸ ਨੂੰ ਸ਼ੁਧ ਰੂਪ ਵਿਚ ਸਮਝਦੇ ਹੋਏ ਇਸ ਦਾ ਵੀਚਾਰ ਕਰਨਾ ਅਤੇ ਉਸ ਅਨੁਸਾਰ ਨਿਤ-ਜੀਵਨ ਬਣਾਉਣਾ । ਇਉਂ ਗੁਰਮੁਖ-ਗਾਡੀ ਰਾਹ ਦੀ ਜਦੋਂ ਲਗਨ ਪੈਦਾ ਹੋ ਗਈ ਤਾਂ ਸਮਝਾਂਗੇ ਕਿ ਅਸੀਂ ਗੁਰਮੁਖਿ-ਮਿਸ਼ਨ ਵਿੱਚ ਦਾਖ਼ਲ ਹੋਏ ਸਿਖਿਆਰਥੀ ਬਣੇ ਹਾਂ । ਗੁਰਮੁਖਿ-ਮਿਸ਼ਨ ਦੀ ਅਰੰਭਤਾ ਅੰਮ੍ਰਿਤ ਵੇਲੇ ਤੋਂ ਹੁੰਦੀ ਹੈ । ਜਦੋਂ ਅੰਮ੍ਰਿਤ ਵੇਲੇ ਦੀ ਘਾਸੀ ਪੈ ਗਈ ਅਤੇ ਨਾਮ ਸਿਮਰਨ ਦੇ ਨਾਲ ਨਾਲ ਸ਼ਬਦ-ਰਸ ਦਾ ਇੰਜੈਕਸ਼ਨ ਨਾੜਾਂ ਵਿਚ ਲਗ ਗਿਆ ਤਾਂ ਗੁਰੂ ਦੀ ਕਿਰਪਾ ਨਾਲ ਹਿਰਦੇ ਅੰਦਰ ਆਪ-ਮੁਹਾਰੇ ਸ਼ਾਂਤੀ ਦੀ ਸੋਮਾ ਫੁਟ ਪਵੇਗਾ, ਫਿਰ ਸ਼ਬਦ-ਗੁਰੂ ਦੀ ਕਲਾ ਨਾਲ ਆਪਣੇ ਆਪ ਹੀ ਅਨਭਵ ਖੁਲ੍ਹ ਜਾਏਗਾ ਅਤੇ ਉਸ ਸਥਿਤੀ ਤੇ ਅਪੜ ਕੇ ਵਜਦ ਵਿੱਚ ਝੂਮਦੇ ਹੋਏ ਸ਼ਬਦ-ਗੁਰੂ ਦੀ ਕੀਰਤੀ ਇਉਂ ਕਰਾਂਗੇ :

ਬਾਹਰਿ ਢੂਢਨ ਤੇ ਛੂਟਿ ਪਰੇ
ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
[ਮਾਰੂ ਮ: ੫, ਪੰਨਾ ੦੦੨

"ਥੋੜਾ ਸਵਣਾ ਖਾਵਣਾ, ਥੋੜਾ ਬੋਲਨੁ ਗੁਰਮਤਿ ਪਾਏ"† ਆਦਿ ਗੁਰਮੁਖ-ਮਿਸ਼ਨ ਦੇ ਸੁਨਹਿਰੀ ਅਸੂਲਾਂ ਦੀ ਪੂਰੀ ਵਿਆਖਿਆ ਸਿੱਖ ਧਰਮ ਦੇ ਸ਼੍ਰੋਮਣੀ ਵ੍ਰਿਦਵਾਨ ਭਾਈ ਸਾਹਿਬ ਗੁਰਦਾਸ ਜੀ ਦੀ ਰਚਨਾ ਵਿਚੋਂ ਰੂਪਮਾਨ ਹੁੰਦੀ ਹੈ । ਫਿਰ "ਗੁਰਮੁਖਿ ਕੋਟਿ ਉਧਾਰਦਾ ਦੇ ਨਾਵੈ ਏਕ ਕਣੀ"० ਵਾਲਾ ਪੱਖ ਤਾਂ ਪੂਰਾ ਹੁੰਦਾ ਹੈ ਜੇ ਅੱਗੇ ਗੁਰੂ ਬਾਬਾ ਜੀ ਦੇ ਮਿਸ਼ਨ ਨੂੰ ਪਰਚਾਰੀਏ :—

ਸੋਰਠਿ ਮਹਲਾ ੧

ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ,
ਸੋ ਅੰਮ੍ਰਿਤੁ ਗੁਰ ਪਾਹੀ ਜੀਉ ॥
ਛੋਡਹੁ ਵੇਸੁ ਭੇਖ ਚਤੁਰਾਈ,
ਦੁਬਿਧਾ ਇਹੁ ਫਲੁ ਨਾਹੀ ਜੀਉ ॥੧॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ,
ਘਰਿ ਅੰਮ੍ਰਿਤੁ ਘਟ ਮਾਹੀ ਜੀਉ ॥ਰਹਾਉ॥
ਅਵਗੁਣ ਛੋਡਿ ਗੁਣਾ ਕਉ ਧਾਵਹੁ,

* ਸੁਖਮਨੀ ਸਾਹਿਬ, ਪੰਨਾ ੨੯੯,
† ਭਾਈ ਗੁਰਦਾਸ ਜੀ, ਵਾਰ ੨੮, ਪਉੜੀ ੧੦
‡ ਆਸਾ ਮ: ੧, ਪੰ: ੩੬੦

† ਭਾਈ ਗੁਰਦਾਸ ਜੀ, ਵਾਰ ੨੮, ਪਉੜੀ ੧੫
० ਸੋਰਠਿ ਮ: ੫, ਪੰਨਾ ੬੮


www.AKJ.Org

ਕਰਿ ਅਵਗੁਣ ਪਛੁਤਾਹੀ ਜੀਉ ॥
ਸਰ ਅਪਸਰ ਕੀ ਸਾਰ ਨ ਜਾਣਹਿ,
ਫਿਰਿ ਫਿਰਿ ਕੀਚ ਬੁਡਾਹੀ ਜੀਉ ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ,
ਬਾਹਰਿ ਨਾਵਹੁ ਕਾਹੀ ਜੀਉ ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ,
ਅੰਤਰ ਕੀ ਗਤਿ ਤਾਹੀ ਜੀਉ ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ,
ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ,
ਜਨ ਨਾਨਕ ਸਬਦਿ ਸਲਾਹੀ ਜੀਉ ॥੪॥੬॥
(ਪੰਨਾ ੫੯੮)

ਭਾਈ ਕੇਸਰ ਸਿੰਘ ਜੀ ਛਿਬਰ ਨੇ ਦੋ ਸਤਰਾਂ ਵਿਚ ਜੋ ਸੇਧ ਦਿਤੀ ਹੈ, ਜੇ ਉਹੀ ਅਪਣਾਅ ਲਈਏ ਤਾਂ ਸਚਮੁਚ ਸਾਡਾ ਜੀਵਨ ਸਫ਼ਲ ਹੋ ਸਕਦਾ ਹੈ:-

ਆਪਸ ਵਿਚ ਕਰਨਾ ਪਿਆਰੁ, ਪੰਥ ਦੇ ਵਾਧੇ
ਨੂੰ ਲੋਚਨਾ। ਆਗਿਆ ਮੰਨ ਸਾਹਿਬ ਦੀ,
ਕਰਨੀ ਸ਼ਬਦ ਦੀ ਖੋਜਨਾ। [ਬੰਸਾਵਲੀਨਾਮਾ

----

# ਗੁਰਸਿਖ ਸੰਗਤਾਂ ਪ੍ਰਤੀ ਸੂਚਨਾ

ਸ਼ਹੀਦ ਪਰਵਾਰਾਂ ਦੀ ਯੋਗ ਮਾਇਕ ਸਹਾਇਤਾ ਹੋ ਚੁਕੀ ਹੈ। ਇਸ ਸਹਾਇਤਾ ਵਿੱਚ ਸਰਕਾਰਾਂ ਸ਼੍ਰੋਮਣੀ ਗੁ: ਪ੍ਰ: ਕਮੇਟੀ, ਅਖੰਡ ਕੀਰਤਨੀ ਜਥੇ ਰਾਹੀਂ, ਅਤੇ ਕੁਝਕੁ ਸੋਮਿਆਂ ਤੋਂ ਸ਼ਹੀਦ-ਪਰਵਾਰ, ਨੂੰ ਸਿੱਧੀ ਭੇਜੀ ਗਈ ਮਾਇਆ ਸ਼ਾਮਲ ਹੈ। ਇਸ ਵਕਤ ਸ਼ਹੀਦੀ ਫੰਡ ਵਿਚ ਸੰਤਾਲੀ ਹਜ਼ਾਰ ਰੁਪਏ ਦੇ ਕਰੀਬ ਬਾਕੀ ਹੈ। ਜੋ ਕਚਹਿਰੀ ਵਿਚ ਚਲ ਰਹੇ ਕੇਸ਼ ਲਈ ਰੀਜ਼ਰਵ ਰੱਖੇ ਗਏ ਹਨ। ਜੇ ਇਸ ਸਬੰਧ ਵਿਚ ਹੋਰ ਮਾਇਆ ਦੀ ਲੋੜ ਪਈ ਤਾਂ ਸੰਗਤ ਨੂੰ ਬੇਨਤੀ ਕੀਤੀ ਜਾਵੇਗੀ। ਅਤੇ ਕੇਸ ਪਿੱਛੋਂ ਬਚੀ ਮਾਇਆ ਸ਼ਹੀਦੀ ਪਰਵਾਰਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ, ਵੰਡ ਕੇ ਸ਼ਹੀਦੀ ਫੰਡ ਬੰਦ ਕਰ ਦਿਤਾ ਜਾਵੇਗਾ।

ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸ਼ਹੀਦੀ ਫੰਡ ਵਿੱਚ ਅਜੇ ਹੋਰ ਮਾਇਆ ਨਾ ਭੇਜੀ ਜਾਏ। ਇਸ ਸਾਲ ਹੇਮ-ਕੁੰਟ ਸਾਹਿਬ ਦੀ ਯਾਤਰਾ ਤੇ ਗਏ ਕੁਝ ਸਿੰਘਾਂ ਦਾ ਉਥੋਂ ਦੇ ਲੋਕਲ ਆਦਮੀਆਂ ਨਾਲ, ਗੁਰ-ਅਸਥਾਨ ਦੇ ਨਜ਼ਦੀਕ ਬੀੜੀ ਪੀਣ ਦੇ ਸੰਬੰਧ ਵਿਚ, ਝਗੜਾ ਹੋ ਗਿਆ ਸੀ, ਜਿਸ ਕਾਰਨ ਕਚਹਿਰੀ ਵਿੱਚ ਕੇਸ ਚਲ ਰਿਹਾ ਹੈ। ਇਨ੍ਹਾਂ ਸਿੰਘਾਂ ਦੀ ਕੇਂਦਰੀ ਫੰਡ ਵਿਚੋਂ ਮਦਦ ਕਰਨ ਦੀ ਲੋੜ ਹੈ।

ਇਸ ਸਾਲ ਅਖੰਡ ਕੀਰਤਨੀ ਜਥੇ ਦੇ ਇਕ ਕੈਨੇਡੀਅਨ ਅਤੇ ਇਕ ਇਟੈਲੀਅਨ ਸਿੰਘ ਨੂੰ ਉਨ੍ਹਾਂ ਦੀ ਬੀਮਾਰੀ, ਅਤੇ ਪਾਸ ਪੈਸਾ ਨਾ ਹੋਣ ਦੇ ਕਾਰਨ, ਉਨ੍ਹਾਂ ਨੂੰ ਵਾਪਸ ਭੇਜਣ ਤੇ ੧੩੮੧੬ ਰੁਪੈ ਖਰਚ ਆਏ ਸਨ, ਜੋ ਕਿ ਕੇਂਦਰੀ ਫੰਡ ਵਿਚ ਮਾਇਆ ਨਾ ਹੋਣ ਦੇ ਕਾਰਨ ਉਹਨਾਂ ਗੁਰਸਿਖਾਂ ਦੀ ਨਾਜ਼ਕ ਸਰੀਰਕ ਹਾਲਤ ਨੂੰ ਮੁਖ ਰਖਦਿਆਂ, ਸ਼ਹੀਦੀ ਫੰਡ ਵਿਚੋਂ ਉਧਾਰ ਲਏ ਗਏ ਸਨ। ਇਸ ਲਈ ਇਹ ਉਧਾਰ ਉਤਾਰਨ ਲਈ ਅਤੇ ਹੇਮ ਕੁੰਟ ਵਾਲੇ ਕੇਸ ਵਿਚ ਸੰਬੰਧਤ ਸਿੰਘਾਂ ਦੀ ਮਦਦ ਲਈ ਕੇਂਦਰੀ ਫੰਡ ਵਿਚ ਮਾਇਆ ਭੇਜਣ ਦੀ ਲੋੜ ਹੈ। ਇਹ ਦੋਨੋਂ ਲੋੜਾਂ ਪੂਰੀਆਂ ਹੋਣ ਦੇ ਬਾਅਦ, ਫਿਰ ਕੇਂਦਰੀ ਫੰਡ ਵਿਚ ਭੀ ਮਾਇਆ ਭੇਜਣ ਦੀ ਲੋੜ ਨਹੀਂ ਰਹੇਗੀ। ਇਸ ਪਿੱਛੋਂ ਸਿੰਘ ਆਪਣਾ ਆਪਣਾ ਦਸਵੰਧ ਆਪਣੇ ਪਾਸ ਹੀ ਰੱਖਣ, ਜੋ ਫਿਰ ਕਿਸੇ ਪੰਥਕ ਲੋੜ ਪੈਣ ਤੇ ਸਮੇਂ ਸਮੇਂ ਨਿਸਚਤ ਮੰਤਵ ਲਈ ਬੇਨਤੀ ਕਰ ਕੇ ਇਕੱਠਾ ਕੀਤਾ ਜਾ ਸਕਦਾ ਹੈ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ ਕੇਂਦਰੀ ਦਫਤਰ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।


www.AKJ.Org

# ਬੁੱਤ-ਪ੍ਰਸਤੀ ਦਾ ਰਸਤਾ ਛਡਿਆ ਜਾਵੇ

ਪੰਜਾਬ ਦੇ ਵਿਕਾਸ ਤੇ ਲੋਕ ਸੰਪਰਕ ਮੰਤਰੀ ਸ: ਆਤਮਾ ਸਿੰਘ ਗੁਰਸਿਖੀ ਦੇ ਹਿੱਤਾਂ ਦਾ ਹਮੇਸ਼ਾ ਖਿਆਲ ਰਖਦੇ ਹਨ। ਉਹ ਜਿਥੇ ਵੀ ਜਾਂਦੇ ਹਨ ਉਥੇ ਗੁਰੂ ਸਾਹਿਬਾਨ ਦੇ ਦੱਸੇ ਮਾਰਗ ਤੇ ਚਲਣ ਦਾ ਉਪਦੇਸ਼ ਸਭ ਨੂੰ ਕਰਦੇ ਹਨ, ਇਹ ਇਕ ਸ਼ਲਾਘਾ ਯੋਗ ਗੱਲ ਹੈ। ਪਰ ਕਾਫੀ ਸਮੇਂ ਤੋਂ ਉਹ ਇਕ ਬਿਆਨ ਦੁਹਰਾ ਰਹੇ ਹਨ ਕਿ ਮਾਸਟਰ ਤਾਰਾ ਸਿੰਘ ਜੀ ਤੇ ਪੰਥ ਦੇ ਹੋਰ ਉਘੇ ਲੀਡਰਾਂ ਦੇ ਬੁੱਤ ਬਣਾ ਕੇ ਸੜਕਾਂ ਤੇ ਲਾਏ ਜਾਣ। ਆਪਣੇ ਇਕ ਤਾਜ਼ਾ ਬਿਆਨ ਵਿਚ ਉਹਨਾਂ ਨੇ ਚੰਡੀਗੜ ਵਿਖੇ ਕਿਹਾ ਹੈ ਕਿ ਪੰਜਾਬ ਸਰਕਾਰ ਇਹ ਵਿਚਾਰ ਕਰ ਰਹੀ ਹੈ ਕਿ ਬੱਬਰ ਅਕਾਲੀ ਬਹਾਦਰਾਂ ਤੇ ਐਂਗਲੋ ਸਿੱਖ ਲੜਾਈਆਂ ਦੇ ਬਹਾਦਰਾਂ ਦੀਆਂ ਕੁਰਬਾਨੀਆਂ ਦੀ ਯਾਦ ਵਿਚ ਜਲੰਧਰ ਜੀ. ਟੀ. ਰੋਡ ਤੇ ਤਲਵੰਡੀ ਭਾਈ ਵਿਖੇ ਯਾਦਗਾਰਾਂ ਕਾਇਮ ਕਰਨ ਦਾ ਵਿਚਾਰ ਹੈ। ਇਹਨਾਂ ਯਾਦਗਾਰਾਂ ਉਪਰ ਤਕਤੀਬਨ ੧੦ ਲਖ ਰੁਪਏ ਖਰਚ ਆਵੇਗਾ। ਬੱਬਰ ਅਕਾਲੀਆਂ ਨੇ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਮਹਾਨ ਕੁਰਬਾਨੀਆਂ ਦਿਤੀਆਂ ਸਨ, ਉਹਨਾਂ ਦੀ ਯਾਦਗਾਰ ਅਜੇ ਤਕ ਨਹੀਂ ਬਣਾਈ ਗਈ। ਉਹਨਾਂ ਨੇ ਕਿਹਾ ਕਿ ਬੱਬਰ ਅਕਾਲੀਆਂ ਦੀ ਯਾਦਗਾਰ ਦਿੱਲੀ ਵਿਖੇ ਨਹਿਰੂ ਅਜਾਇਬ ਘਰ ਦੇ ਬਾਹਰ ਤ੍ਰਿਮੂਰਤੀ ਦੇ ਮਾਡਲ ਦੀ ਤਰ੍ਹਾਂ ਤਿਕੋਨੇ ਢੰਗ ਵਿਚ ਬਣਾਈ ਜਾਵੇਗੀ। ਇਸ ਦੇ ਮੱਧ ਵਿਚ ਬੱਬਰ ਅਕਾਲੀਆਂ ਦੀ ਲਹਿਰ ਵਿਚ ਸ਼ਹੀਦੀ ਪਾਉਣ ਵਾਲਿਆਂ ਦੇ ਨਾਮ ਤਿੰਨੇ ਪਾਸਿਆਂ ਤੇ ਉਕਰੇ ਜਾਣਗੇ ਤੇ ਸ਼ਾਨਦਾਰ ਢੰਗ ਨਾਲ ਤਿੰਨ ਆਜ਼ਾਦੀ ਦੇ ਘੁਲਾਟੀਆਂ ਦੇ ਚਿਤਰ ਬਣਾਏ ਜਾਣਗੇ। ਤਲਵੰਡੀ ਭਾਈ ਵਿਖੇ ੧੮੪੬ ਦੀਆਂ ਐਂਗਲੋ ਸਿਖ ਲੜਾਈਆਂ ਵਿਚ ਸ਼ਹੀਦਾਂ ਦੀ ਦੇਸ਼-ਭਗਤੀ ਦਰਸਾਈ ਜਾਵੇਗੀ। ਇਹ ਯਾਦਗਾਰ ਇਕ ਆਇਤਕਾਰ ਚੌਕੀ ਉਪਰ ਤੋਪਖਾਨੇ ਦਾ ਨਜ਼ਾਰਾ ਪੇਸ਼ ਕਰੇਗੀ ਤੇ ਇਸ ਚੌਕੀ ਦੇ ਚਾਰੇ ਪਾਸੇ ਚਾਰੇ ਲੜਾਈਆਂ ਦੇ ਦ੍ਰਿਸ਼ ਪੇਸ਼ ਕੀਤੇ ਜਾਣਗੇ। ਇਸੇ ਤਰ੍ਹਾਂ ਰਾਜ ਵਿਚ ਸ਼ਹੀਦ ਭਗਤ ਸਿੰਘ, ਲਾਲਾ ਲਾਜਪਤ ਰਾਏ, ਸ: ਕਰਤਾਰ ਸਿੰਘ ਸਰਾਭਾ ਤੇ ਹੋਰ ਬਹੁ ਗਿਣਤੀ ਵਿਚ ਸੁਤੰਤਰਤਾ ਸੰਗਰਾਮੀਆਂ ਦੇ ਬੁਤ ਲਾਏ ਜਾਣਗੇ। ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਅੰਮ੍ਰਿਤਸਰ ਰਾਮ ਬਾਗ ਵਿਖੇ ਮਹਾਰਾਜਾ ਰਣਜੀਤ ਸਿੰਘ ਘੋੜੇ ਉਪਰ ਸਵਾਰ ਦਾ ਇਕ ਬੁੱਤ ਤਾਂਬੇ ਦਾ ਬਣਵਾ ਕੇ ਲਗਾਇਆ ਜਾਵੇ। ਇਸੇ ਤਰ੍ਹਾਂ ਮਦਨ ਲਾਲ ਢੀਂਗਰਾ, ਸ਼ਹੀਦ ਉਧਮ ਸਿੰਘ ਤੇ ਮਾਸਟਰ ਤਾਰਾ ਸਿੰਘ ਜੀ ਦੇ ਬੁੱਤ ਵੀ ਲਗਾਏ ਜਾਣਗੇ।

ਉਪਰੋਕਤ ਵਿਸਥਾਰ ਤੋਂ ਪਤਾ ਲਗਦਾ ਹੈ ਕਿ ਕਿਸ ਤਰ੍ਹਾਂ ਇਕ ਸਿਖ ਨੇਤਾ ਦੀ ਰੁਚੀ ਬੁੱਤ-ਪ੍ਰਸਤੀ ਵਲ ਵਧ ਰਹੀ ਹੈ। ਜਿਥੋਂ ਤਕ ਸਿਖ ਜੰਗਾਂ ਦਾ ਚਿਤ੍ਰਾਂ ਵਿਚ ਵਰਨਣ ਹੈ, ਇਸ ਵਿਸ਼ੇ ਨੂੰ ਅਸੀਂ ਬਾਅਦ ਵਿਚ ਵਿਚਾਰਾਂਗੇ। ਪਹਿਲਾਂ ਇਸ ਵਿਚਾਰ ਤੇ ਚਰਚਾ ਜ਼ਰੂਰੀ ਹੈ ਕਿ ਗੁਰਸਿਖੀ ਵਿਚ ਬੁੱਤ-ਪ੍ਰਸਤੀ ਲਈ ਕਿੰਨਾ ਅਸਥਾਨ ਹੈ ਤੇ ਗੁਰਸਿਖਾਂ ਦੇ ਬੁੱਤ ਬਣਵਾ ਕੇ ਲਵਾਉਣੇ ਕਿਥੋਂ ਤਕ ਉਚਿਤ ਹੈ? ਕੀ ਅਸੀਂ ਕਦੀ ਇਹ ਸੋਚਣ ਦਾ ਯਤਨ ਕੀਤਾ ਹੈ ਕਿ ਦਸ ਗੁਰੂ ਸਾਹਿਬਾਨ ਵਿਚੋਂ ਕਿਸੇ ਇਕ ਗੁਰੂ ਸਾਹਿਬ ਦਾ ਚਿਤ੍ਰ ਅਸਲ ਰੂਪ ਵਿਚ ਕਿਉਂ ਨਹੀਂ ਮਿਲਦਾ? ਜਦ ਕਿ ਅਕਬਰ, ਜਹਾਂਗੀਰ, ਸ਼ਾਹਜਹਾਨ ਤੇ ਔਰੰਗਜ਼ੇਬ ਦੇ ਅਸਲ ਚਿਤ੍ਰ ਆਮ ਮਿਲ ਜਾਂਦੇ ਹਨ। ਇਹ ਮੁਗਲ ਬਾਦਸ਼ਾਹ ਵੀ ਤਾਂ ਗੁਰੂ ਸਾਹਿਬਾਨ ਦੇ ਸਮਕਾਲੀ ਹੋਏ ਹਨ। ਅਸਲ ਵਿਚ ਗੁਰੂ ਸਾਹਿਬਾਨ ਦਾ ਆਸ਼ਾ ਦੇਹਧਾਰੀ ਗੁਰੂ ਦੀ ਪ੍ਰਥਾਂ

 www.AKJ.Org

ਨੂੰ ਖਤਮ ਕਰਨਾ ਸੀ ਤੇ ਸਿਖਾਂ ਨੂੰ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ ਸੀ। ਇਸੇ ਲਈ ਸਿਖ ਇਤਿਹਾਸ ਵਿਚ ਜਾਂ ਜਨਮਸਾਖੀ ਸਾਹਿਤ ਵਿਚ ਗੁਰੂ ਸਾਹਿਬਾਨ ਦੇ ਚਿਤ੍ਰਾਂ ਬਾਰੇ ਕੋਈ ਵਿਸਤਾਰ ਨਹੀਂ ਮਿਲਦਾ। ਇਕ ਜੋਤਿ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਇਸ ਦੁਨੀਆ ਵਿਚ ਪ੍ਰਗਟ ਹੋਈ, ਉਹ ਦਸ ਜਾਮੇ ਪਾ ਕੇ ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਦਾ ਲਈ ਜਗ ਪਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਬੁੱਤ-ਪੂਜਾ ਦੀ ਸਖਤ ਨਿਖੇਧੀ ਕੀਤੀ ਹੈ—

> ਕਾਹੇ ਕਉ ਪੂਜਤ ਪਾਹਨ ਕਉ ਕਛ
> ਪਾਹਨ ਮੈਂ ਪਰਮੇਸਰ ਨਾਹੀ ॥
> [ਤ੍ਵ ਸਵੱਯੇ ਪਾ: ੧੦

ਸਿਖਾਂ ਨੂੰ ਇਕ ਵਾਹਿਗੁਰੂ ਦੀ ਜੋਤਿ ਦਾ ਨਾਮ ਜਪਣ ਲਈ ਫੁਰਮਾਇਆ ਹੈ :—

> ਜਾਗਤ ਜੋਤਿ ਜਪੈ ਨਿਸ ਬਾਸੁਰ
> ਏਕ ਬਿਨਾ ਮਨ ਨੈਕ ਨ ਆਨੈ ॥
> ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ
> ਗੋਰ ਮੜੀ ਮਠ ਭੂਲ ਨ ਮਾਨੈ ॥
> ਤੀਰਥ ਦਾਨ ਦਇਆ ਤਪ ਸੰਜਮ
> ਏਕ ਬਿਨਾ ਨਹਿ ਏਕ ਪਛਾਨੈ ॥
> ਪੂਰਨ ਜੋਤਿ ਜਗੈ ਘਟ ਮੈ
> ਤਬ ਖਾਲਸਾ ਤਾਹਿ ਨਖਾਲਸ ਜਾਨੈ ॥੧॥
> [ਪਾਤਸ਼ਾਹੀ ੧੦

ਗੁਰੂ ਸਾਹਿਬਾਨ ਨੇ ਇਸੇ ਲਈ ਹੀ ਸਿਖਾਂ ਨੂੰ ਚਿਤ੍ਰਾਂ ਮੂਰਤਾਂ ਤੇ ਬੁੱਤਾਂ ਦੇ ਝਗੜੇ ਵਿਚੋਂ ਬਾਹਰ ਕਢਿਆ ਕਿ ਸਿਖੀ, ਹਿੰਦੂ ਧਰਮ ਨਾਲੋਂ ਨਿਖੜਵੇਂ ਰੂਪ ਵਿਚ ਨਜ਼ਰ ਆਵੇ, ਕਿਉਂਕਿ ਸਿਖੀ ਇਕ ਵਖਰਾ ਪਰਮਾਰਥਕ ਰਾਹ ਹੈ। ਗੁਰਸਿਖਾਂ ਦੇ ਬੁੱਤ ਬਣਾਉਣੇ ਵੀ ਗੁਰਸਿਖੀ ਦੇ ਪ੍ਰਤੀਕੂਲ ਕਦਮ ਹੈ। ਇਕ ਨਿਰਾਕਾਰ ਅਕਾਲ ਪੁਰਖ ਦਾ ਨਾਮ ਜਪਣ ਵਾਲੇ ਸਿਖਾਂ ਨੂੰ ਬੁੱਤਾਂ ਰਾਹੀਂ ਪੇਸ਼ ਕਰਨਾ ਕਿਤਨੀ ਆਪਾ-ਵਿਰੋਧੀ ਗੱਲ ਹੈ। ਸਿਖਾਂ ਦਾ ਮਾਰਗ ਗੁਰੂ ਸਾਹਿਬਾਨ ਵਾਲਾ ਮਾਰਗ ਹੈ। ਸਿਖਾਂ ਦੀ ਰਹਿਣੀ ਬਹਿਣੀ ਵਿਚਾਰਧਾਰਾ ਤੇ ਜੀਵਨ ਗੁਰੂ ਰਹਿਤ ਮਰਯਾਦਾ ਦਾ ਅਨੁਕਰਨ ਹੋਣਾ ਚਾਹੀਦਾ ਹੈ, ਨਾ ਕਿ ਗੁਰੂ ਦੀ ਮੱਤ ਦਾ ਤਿਆਗ। ਇਸ ਲਈ ਅਸੀਂ ਸਰਦਾਰ ਆਤਮਾ ਸਿੰਘ ਜੀ ਤੇ ਪੰਜਾਬ ਸਰਕਾਰ ਅਗੇ ਇਹੀ ਅਪੀਲ ਕਰਾਂਗੇ ਕਿ ਸਿਖੀ ਨੂੰ ਨਿਆਰਾ ਰਖਣ ਦਾ ਜਤਨ ਕੀਤਾ ਜਾਵੇ ਤੇ ਗੁਰੂ ਸਾਹਿਬਾਨ ਦੀ ਸਿਖਿਆ ਦੇ ਉਲਟ ਕਿਸੇ ਵਖਰੀ ਪ੍ਰਨਾਲੀ ਦਾ ਆਰੰਭ ਕਰਨਾ ਗਲਤ ਹੈ।

ਜਿਥੋਂ ਤਕ ਸਿਖ ਜੋਧਿਆਂ ਨੂੰ ਚਿਤ੍ਰਾਂ ਵਿਚ ਪੇਸ਼ ਕਰਨ ਦਾ ਸਵਾਲ ਹੈ, ਇਹ ਇਤਨਾ ਇਤਰਾਜ਼ ਯੋਗ ਨਹੀਂ ਜਾਪਦਾ। ਚਿਤ੍ਰਾਂ ਵਿਚ ਵੀ ਚਿਤ੍ਰਕਾਰ ਦਾ ਮੁਖ ਮੰਤਵ ਸਿਖਾਂ ਦੀ ਬਹਾਦਰੀ, ਨਿਰਭੈਤਾ ਤੇ ਸਿਖੀ ਰੂਪ ਦਾ ਪ੍ਰਭਾਵ ਉਘਾੜਨਾ ਹੋਣਾ ਚਾਹੀਦਾ ਹੈ। ਕੁਝ ਚਿਰ ਪਹਿਲਾ ਮਾਰਕਫੈਡ ਵਲੋਂ ਸਿਖ ਇਤਿਹਾਸ ਨੂੰ ਚਿਤ੍ਰਾਂ ਵਿਚ ਵਰਨਣ ਕਰਨ ਦਾ ਇਕ ਉਦਮ ਹੋਇਆ ਸੀ ਜਿਸ ਨੂੰ ਵੇਖ ਕੇ ਸਾਨੂੰ ਆਪਣੇ ਇਤਿਹਾਸ ਦੇ ਸ਼ਾਨਦਾਰ ਬਹਾਦਰੀ ਭਰੇ ਕਿਰਦਾਰ ਦਾ ਪਤਾ ਲਗਦਾ ਸੀ, ਪਰ ਕਿਹਾ ਜਾਂਦਾ ਹੈ ਕਿ ਕੇਂਦਰੀ ਪਾਰਲੀਮੈਂਟ ਦੇ ਕੁਝ ਮੈਂਬਰ ਸਿਖ ਬਹਾਦਰਾਂ ਤੇ ਸ਼ਹੀਦਾਂ ਦੇ ਜੀਵਨ ਨੂੰ ਚਿਤ੍ਰਾਂ ਵਿਚ ਵੇਖ ਕੇ ਆਪਣੇ ਆਪ ਵਿਚ ਹੀਣਤਾ ਦਾ ਭਾਵ ਮਹਿਸੂਸ ਕਰਨ ਲਗੇ ਤੇ ਮਾਰਕਫੈਡ ਨੂੰ ਉਹ ਕੈਲੰਡਰ ਛਾਪਣ ਦੀ ਮਨਾਹੀ ਕਰ ਦਿਤੀ ਗਈ। ਕਥਨ ਵਿਚ ਸਚਾਈ ਦੀ ਮਾਤ੍ਰਾ ਕਿੰਨੀ ਹੈ, ਇਹ ਤਾਂ ਮਾਰਕਫੈਡ ਵਾਲੇ ਜਾਣਦੇ ਹਨ, ਪਰ ਇਹ ਅਸੀਂ ਜ਼ਰੂਰ ਕਹਿ ਸਕਦੇ ਹਾਂ ਕਿ ਉਸ ਕੈਲੰਡਰ ਨੂੰ ਬਾਅਦ ਵਿਚ ਪੰਜਾਬ ਐਂਡ ਸਿੰਧ ਬੈਂਕ ਨੇ ਛਾਪਣ ਤੇ ਵੰਡਣ ਦਾ ਉਪਰਾਲਾ ਕੀਤਾ।

ਅਸੀਂ ਪੰਜਾਬ ਸਰਕਾਰ ਅਗੇ ਬੇਨਤੀ ਕਰਾਂਗੇ ਕਿ ਬਹਾਦਰ ਸਿਖਾਂ ਦੇ ਬੁੱਤ ਬਣਾਉਣ ਦੀ ਬਜਾਏ ਉਨ੍ਹਾਂ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਅਰਪਨ ਕਰਨ ਲਈ ਕੋਈ ਹੋਰ ਠੋਸ ਕਦਮ ਉਠਾਏ ਜਾਣ।

[ਖਾਲਸਾ ਸਮਾਚਾਰ ੩੦-੮-੭੯



www.AKJ.Org

ਸ਼ਰਧਾ ਦੇ ਫੁਲ

# ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ

[ ਵਲੋਂ—ਗਿ: ਗੋਪਾਲ ਸਿੰਘ ਜੀ ਮਿੱਤਰ, ਮਾਲਬ (ਗੁੜਗਾਉਂ) ]

੧. ਦੇਣ ਵਾਸਤੇ ਅਮਨ-ਸੰਦੇਸ਼ ਜਗ ਨੂੰ, ਹੋਇਆ ਜੱਗ ਤੇ ਹੈਸੀ ਅਵਤਾਰ ਤੇਰਾ।
ਸੁਅਰਨ ਅਖਰਾਂ ਨਾਲ ਇਤਿਹਾਸ ਅੰਦਰ, ਲਿਖਿਆ ਗਿਆ ਏ ਮਾਨਵ-ਪਿਆਰ ਤੇਰਾ।
ਜਨਮ ਸਫਲ ਹੋਇਆ ਉਸ ਦਾ ਜੱਗ ਉਤੇ, ਜਿਸ ਨੇ ਆਣ ਕੇ ਕੀਤਾ ਦੀਦਾਰ ਤੇਰਾ।
ਕਟਿਆ ਗਿਆ ਚੁਰਾਸੀ ਦਾ ਗੇੜ ਉਸਦਾ, ਜਿਸ ਨੂੰ ਹੋਇਆ ਦੀਦਾਰ ਇਕ ਵਾਰ ਤੇਰਾ।

੨. ਛੁਪੀ ਹੋਈ ਸੀ ਕੋਈ ਅਗੰਮ ਸ਼ਕਤੀ, ਤੇਰੀ ਰੱਬੀ ਰਬਾਬ ਦੀ ਤਾਰ ਅੰਦਰ।
ਗਿਆ ਕੀਲਿਆ ਨਾਗ ਦੇ ਵਾਂਗ ਬੰਦਾ, ਜੋ ਵੀ ਪਹੁੰਚਿਆ ਤੇਰੇ ਦਰਬਾਰ ਅੰਦਰ।
ਇਕ ਤਰਬ ਨੇ ਟੁੰਬਿਆ ਜਜ਼ਬਿਆਂ ਨੂੰ, ਖੀਵਾ ਹੋ ਗਿਆ ਉਹ ਪ੍ਰੇਮ-ਪਿਆਰ ਅੰਦਰ।
ਇਕੋ ਸੁਰ ਨੇ ਸੁੰਨ-ਸਮਾਨ ਕੀਤਾ, ਰੰਗਿਆ ਗਿਆ ਉਹ ਰੱਬੀ ਪਿਆਰ ਅੰਦਰ।

੩. ਜੀਵਨ ਦੇ ਗਈ ਤੇਰੀ ਇਕ ਨੈਣ-ਤਕਣੀ, 'ਕੌਡੇ' ਵਰਗਿਆਂ ਦੋਖੀ ਹਤਿਆਰਿਆਂ ਨੂੰ।
ਤੇਰੇ ਪਿਆਰ-ਸੰਦੇਸ਼ ਨੇ ਅਮਰ ਕੀਤਾ, 'ਸਜਣ ਠੱਗ' ਜਿਹੇ ਕਰਮਾਂ ਦੇ ਮਾਰਿਆਂ ਨੂੰ।
ਰੰਗ ਲਾ ਗਿਆ ਦਾਤਿਆ ਸੰਗ ਤੇਰਾ, 'ਲਾਲੋ' ਵਰਗਿਆਂ ਰੱਬ ਦੇ ਪਿਆਰਿਆਂ ਨੂੰ।
ਦੇ ਗਈ ਚਾਨਣਾ ਇਕ ਚਰਨ-ਛੋਹ ਤੇਰੀ, ਲੱਖਾਂ ਇਹੋ ਜਿਹੇ ਅਰਸ਼ ਦੇ ਤਾਰਿਆਂ ਨੂੰ।

੪. ਕਿਤੇ ਵੇਖ ਸਮਾਜ ਕੁਰੀਤੀਆਂ ਨੂੰ, ਤੈਨੂੰ ਦੇਸ਼-ਸੁਧਾਰ ਦਾ ਖ਼ਿਆਲ ਆਇਆ।
ਕਿਤੇ ਵੇਖ ਕੇ ਰੋਂਦੇ ਮਜ਼ਲੂਮ, ਤੇਰੇ ਮਿਹਰਵਾਨ ਮਨ ਅੰਦਰ ਮਲਾਲ ਆਇਆਂ।
ਜਗਤ-ਦਰਦੀਆ! ਪੀੜ ਪਰਾਈ ਤਕ ਕੇ, ਬੋਲਾਂ ਤੇਰਿਆਂ ਵਿਚ ਉਬਾਲ ਆਇਆ।
ਸ਼ਿਕਵਾ ਬਾਬਰ ਨੂੰ ਕੀਤਾ ਬੇਦਰਦ ਕਹਿ ਕੇ, ਐਸਾ ਜਜ਼ਬਿਆਂ ਵਿਚ ਜਲਾਲ ਆਇਆ।

੫. ਮਸਤ ਹੋਂਵਦਾ ਸਾਰਾ ਬ੍ਰਹਿਮੰਡ, ਤੇਰੀ 'ਸਤਨਾਮ' ਦੀ ਮਿੱਠੀ ਆਵਾਜ਼ ਸੁਣ ਕੇ।
ਨੱਚਣ ਲਗ ਪਵੇ ਇਹ ਕਾਇਨਾਤ ਸਾਰੀ, ਤੇਰੇ ਸੋਹਣੇ ਰਬਾਬ ਜਿਹਾ ਸਾਜ਼ ਸੁਣ ਕੇ।
ਚੰਨ ਤਾਰੇ ਵੀ ਝੁਕ ਝੁਕ ਨਿਵਾਣ ਮਸਤਕ, ਤੇਰਾ ਉਚ-ਵਿਚਾਰ ਪਰਵਾਜ਼ ਸੁਣ ਕੇ।
ਠੱਗ, ਚੋਰ, ਪਾਪੀ, ਪਾਮਰ ਆਉਣ ਨੱਸੇ, ਭਵਜਲ ਤਾਰਦਾ ਬਾਣੀ ਜਹਾਜ਼ ਸੁਣ ਕੇ।

੬. ਚਰਨ-ਧੂੜਿ ਤੇਰੀ ਮੱਥੇ ਲਾਉਣ ਦੇ ਲਈ, ਲੱਖਾਂ ਸ਼ਕਤੀਆਂ ਆ ਸਜਦੇ ਕਰਦੀਆਂ ਨੇ।
ਦਾਤਿ ਮੁਕਤੀ ਦੀ ਲੈਣ ਲਈ ਦਰ ਤੇਰੇ, ਲੱਖਾਂ ਦੇਵੀਆਂ ਆ ਪਾਣੀ ਭਰਦੀਆਂ ਨੇ।
ਜਿਹੜੀ ਜਿਹਬਾ ਵੀ ਆਖੇ 'ਧੰਨ ਗੁਰੂ ਨਾਨਕ' ਜਨਮ ਜਨਮ ਦੀਆਂ ਪੀੜਾਂ ਹਰਦੀਆਂ ਨੇ।
ਸਿਦਕ ਰਖ ਕੇ ਜੇਹੜਾ ਵੀ ਸ਼ਰਨ ਆਵੇ, ਉਹਦੀਆਂ ਬੇੜੀਆਂ ਭਵਜਲੋਂ ਤਰਦੀਆਂ ਨੇ।

੭. ਵਿੱਥਾਂ ਵਿਤਕਰੇ ਜਗ ਦੇ ਮੇਟਦੀ ਏ, ਉਚਰੀ ਹੋਈ ਤੇਰੀ ਅਪਰੰ-ਪਾਰ ਬਾਣੀ।
ਧਰਮ ਅਰਥ ਅਤੇ ਕਾਮ ਮੋਖ ਦੇਵੇ, ਜੋ ਵੀ ਪੜ੍ਹੇ ਤੇ ਸੁਣੇ ਵਿਚਾਰ ਬਾਣੀ।


www.AKJ.Org

ਮਨੂਆ ਆਤਮਾ-ਨੰਦ ਵਿਚ ਜੁੜੇ ਜਾ ਕੇ, ਦੇਵੇ ਭਵਜਲੋਂ ਪਾਰ ਉਤਾਰ ਬਾਣੀ।
ਜਨਮ ਜਨਮ ਦੇ ਤਪਦਿਆਂ ਹਿਰਦਿਆਂ ਨੂੰ, ਚੰਦਨ ਵਾਂਗ ਕਰਦੀ ਠੰਢਾ ਠਾਰ ਬਾਣੀ।

੮. ਰਹਿਸਣ ਚਮਕਦੇ ਸਦਾ ਇਤਿਹਾਸ ਅੰਦਰ, ਜੇਹੜੇ ਪੂਰਨੇ ਜਗ ਤੇ ਪਾ ਗਿਉਂ ਤੂੰ।
ਰਹਿਸਨ ਗੂੰਜਦੇ ਸਦਾ ਫ਼ਿਜ਼ਾ ਅੰਦਰ, ਨਗਮੇ ਜੇਹੜੇ ਮੁਹੱਬਤ ਦੇ ਗਾ ਗਿਉਂ ਤੂੰ।
ਚੰਦਨ ਵਾਂਗ ਸੁਗੰਧ ਖਿਲਾਰਦੇ ਨੇ, ਬੂਟੇ ਜੇਹੜੇ ਪਿਆਰ ਦੇ ਲਾ ਗਿਉਂ ਤੂੰ।
ਜਿਸ ਨੇ ਸੁਣ ਲਿਆ ਅਮਰ-ਉਪਦੇਸ਼ ਤੇਰਾ, ਉਸ ਨੂੰ ਰੱਬ ਦੇ ਨਾਲ ਮਿਲਾ ਗਿਉਂ ਤੂੰ।

੯. ਜਨਮ ਜਨਮ ਦੀਆਂ ਸੁੱਤੀਆਂ ਆਤਮਾਵਾਂ, ਝੂਣ ਝੂਣ ਕੇ ਆਣ ਜਗਾਈਆਂ ਤੂੰ।
ਮਾਨਵ ਧਰਮ ਦਾ ਸੁੱਚਾ ਸੰਦੇਸ਼ ਦੇ ਕੇ, ਕਢੀਆਂ ਹਿਰਦਿਆਂ ਚੋਂ ਊਣਤਾਈਆਂ ਤੂੰ।
ਦੂਈ ਈਰਖਾ ਦ੍ਵੈਤ ਦੇ ਫੱਟੜਾਂ ਨੂੰ, ਪਿਆਰ-ਮਰਹਮ ਦੀਆਂ ਟਾਕੀਆਂ ਲਾਈਆਂ ਤੂੰ।
ਤੇਰੇ ਬੋਲਾਂ ਨੇ ਜਾਦੂ ਦਾ ਅਸਰ ਕੀਤਾ, ਵੰਡੀਆਂ ਮਿਹਰ ਮੁਹੱਬਤ ਦਵਾਈਆਂ ਤੂੰ।

੧੦. ਜੇਹੜੇ ਕੀਤੇ ਉਪਕਾਰ ਤੂੰ ਜਗ ਉਤੇ, ਕੌਣ ਲਿਖ ਸਕਦੈ ? ਐ ਦਾਤਾਰ ਤੇਰੇ।
ਜਦੋਂ ਤੀਕ ਕਾਇਮ ਸੂਰਜ ਚੰਨ ਤਾਰੇ, ਕਦੀ ਭੁੱਲਣੇ ਨਹੀਂ ਉਪਕਾਰ ਤੇਰੇ।
ਦੇਂਦੇ ਰਹਿਣਗੇ ਚਾਨਣ ਸਦੀਵ ਜਗ ਨੂੰ, ਦਿਤੇ ਹੋਏ ਸੰਦੇਸ਼-ਪਿਆਰ ਤੇਰੇ।
ਤੇਰੀ ਯਾਦ ਨੂੰ ਕਰ ਕਰ ਕੇ ਯਾਦ 'ਮਿੱਤਰ' ਗੁਣ ਗਾਉਂਦਾ ਰਹਿਸੀ ਸੰਸਾਰ ਤੇਰੇ।

----

# ਧਰਤੀ ਦੀ ਪੁਕਾਰ

[ ਵਲੋਂ—ਭਾਈ ਦੇਵਾ ਸਿੰਘ ਜੀ ਕਿਰਤੀ, ਅੰਮ੍ਰਿਤਸਰ ]

ਸਤਿਗੁਰ ਨਾਨਕ ! ਵੇਖ ਲਓ ! ਮੁੜ ਪਾਪਾਂ ਦਿਤੀ ਧਰਤ ਕੰਬਾ।
ਧਰਮ ਸ਼ਰਮ ਤੇ ਛਪ ਗਏ ਨੇ, ਖ਼ਬਰੇ ਬੈਠੇ ਕਿਥੇ ਜਾ।
ਕਾਮ ਦੀਆਂ ਕਾਂਗਾਂ ਚੜ੍ਹ ਆਈਆ, ਹੱਦਾਂ ਬੰਨੇ ਦਿਤੇ ਢਾਹ।
ਲੋਭ-ਹਨੇਰੀ ਚੜ੍ਹ ਕੇ ਵੇਖੋ ਸਤ ਸੰਤੋਖ ਲੈ ਗਈ ਉਡਾ।

---

ਮੋਹ-ਮਦਾਰੀ ਝੂਠ-ਪਟਾਰੀ ਦੇ ਵਿਚ ਲੈਂਦਾ ਸਭ ਨੂੰ ਪਾ।
ਬਾਹਰੋਂ ਦਿਸਣ ਬੜੇ ਪਿਆਰੇ, ਅੰਦਰੋਂ ਦੇਵਣ ਛੁਰੀ ਚਲਾ।
ਕ੍ਰੋਧ, ਤਾਂ ਦਿਲ ਦੀ ਅੱਗ ਸਾੜ ਕੇ ਉੱਕਾ ਹੀ ਕਰ ਦਿਤੇ ਸੁਆਹ।
ਹੰਕਾਰ ਹੋਰਾਂ ਤੋਂ ਡਰਦੇ ਲੋਕੀ ਛਪਦੇ ਫਿਰਦੇ ਅੰਦਰ ਜਾ।

---

ਰਾਜ-ਮਦ ਦੀ ਮਸਤੀ ਨੇ ਤਾਂ, ਸਾਰੇ ਦਿਤੇ ਫ਼ਰਜ਼ ਭੁਲਾ।
ਪਲ ਵਿਚ ਵਸਦੇ ਰਸਦੇ ਲੋਕਾਂ ਤਾਈਂ ਕਰਨ ਕਿਵੇਂ ਤਬਾਹ।
ਦੁਖ ਦੀਆਂ ਚੀਕਾਂ ਮਾਰਨ ਲੋਕੀਂ, ਦੁਸ਼ਮਣ ਬਣ ਗਏ ਭੈਣ ਭਰਾ।
'ਕਿਰਤੀ' ਕਲਿਜੁਗ ਹੱਸਦਾ ਫਿਰਦਾ, ਡਾਢਾ ਬਣਿਆ ਬੇਪਰਵਾਹ।


www.AKJ.Org

# ਸਭ ਤੇ ਵਡਾ ਸਤਿਗੁਰੁ ਨਾਨਕ

## ਗੁਰੂ ਨਾਨਕ-ਪ੍ਰਕਾਸ਼ ਸੰਬੰਧੀ ਭਵਿਖਤ ਬਾਣੀਆਂ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ੭੫/੩ ਮੁਲੰਡ ਕਾਲੌਨੀ, ਬੰਬੇ-੮੨]

"ਵਡਾ ਪੁਰਖ ਪ੍ਰਗਟਿਆ ਕਲਿਜੁਗ ਅੰਦਰਿ ਜੋਤਿ ਜਗਾਈ ॥"੪੪॥(੧)

ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ, ਪਹਿਲੇ ਜੁਗਾਂ ਵਿਚ ਅਨੇਕਾਂ ਅਵਤਾਰ ਆਏ ਸਨ। ਇਥੇ ਸਵਾਲ ਉਠਦਾ ਹੈ ਕਿ ਫਿਰ ਗੁਰੂ ਨਾਨਕ ਸਾਹਿਬ ਦੇ ਆਗਮਨ ਦੀ ਕੀ ਉਚੇਚੀ ਲੋੜ ਪੈ ਗਈ ਸੀ।

ਇਸ ਭੇਤ ਨੂੰ ਦਸਮੇਸ਼ ਪਿਤਾ ਜੀ ਨੇ ਨਿਖਾਰ ਕੇ ਸਪੱਸ਼ਟਾਇਆ ਹੈ। ਆਪ ਜੀ ਬਚਿਤ੍ਰ ਨਾਟਕ ਵਿਚ ਫ਼ੁਰਮਾਉਂਦੇ ਹਨ ਕਿ—

ਜੇ ਜੇ ਭਏ ਪਹਿਲ ਅਵਤਾਰਾ ॥ ਆਪੁ ਆਪੁ ਤਿਨ ਜਾਪੁ ਉਚਾਰਾ...੪੪॥<br>
ਜੇ ਜੇ ਗਉਸ ਅੰਬੀਆ ਭਏ ॥ ਮੈ ਮੈ ਕਰਤ ਜਗਤ ਤੇ ਗਏ...੪੫॥<br>
ਸਭ ਤੇ ਅਪਨਾ ਨਾਮੁ ਜਪਾਯੋ ॥ ਸਤਿਨਾਮੁ ਕਾਹੂ ਨਾ ਦ੍ਰਿੜਾਯੋ ॥੨੭॥<br>
ਸਭ ਅਪਨੀ ਅਪਨੀ ਉਰਝਾਨਾ ॥ ਪਾਰਬ੍ਰਹਮ ਕਾਹੂ ਨ ਪਛਾਨਾ...੨੮॥(੬)

ਇਹੀ ਕਾਰਨ ਸੀ ਕਿ ਆਪ ਅਕਾਲ ਪੁਰਖ ਨੂੰ, ਆਪਣੇ ਮਿਸ਼ਨ ਦੀ ਪੂਰਤੀ ਲਈ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਆਉਣਾ ਪਿਆ—

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥ (ਪੰਨਾ ੧੩੯੫)

ਪਾਰਬ੍ਰਹਮ ਕਰਤਾ ਪੁਰਖ ਦੇ ਮਿਸ਼ਨ ਦਾ ਸਰਬੋਤਮ ਤੱਤ ਸੀ ਸਤਿਨਾਮ ਨੂੰ ਪ੍ਰਗਟਾਉਣਾ, ਜਿਹੜਾ ਕਿ ਅਜੇ ਤਕ ਗੁਪਤ ਲੁਪਤ ਹੀ ਸੀ। ਚਾਹੇ ਪਹਿਲੇ ਅਵਤਾਰਾਂ ਨੇ ਅਨੇਕਾਂ ਨਾਮ ਸੰਸਾਰ ਨੂੰ ਦ੍ਰਿੜ੍ਹਾਏ ਸਨ, ਪਰ ਉਹ ਪੂਰਨ ਕਲਿਆਨਕਾਰੀ ਤੇ ਪਰਮੇਸ਼ਰ ਦੇ ਆਸ਼ੇ ਅਨੁਸਾਰ ਨਹੀਂ ਸਨ।

ਬਸ ਸਰਬ-ਸ੍ਰੇਸ਼ਟ ਤੇ ਹਰ ਪੱਖੋਂ ਸੰਪੂਰਨ ਸਤਿਨਾਮ (ਗੁਰਮਤਿ ਨਾਮ), ਜਿਹੜਾ ਕਿ ਤੀਨ ਕਾਲ ਹੀ ਸੰਪੂਰਨ ਹੈ, ਜਲੰਦੇ ਜਗਤ ਨੂੰ ਠਾਰਨ ਲਈ, ਉਸ ਦਾ ਸਿੰਚਾਰ ਕਰਨ ਲਈ ਗੁਰੂ ਨਾਨਕ ਸਾਹਿਬ ਨੂੰ ਭੇਜਿਆ ਗਿਆ। ਆਪ ਨੂੰ ਅਨੰਤ ਕਲਾ ਸਮਰੱਥ ਦੀਆਂ ਬਖ਼ਸ਼ਸ਼ਾਂ ਪ੍ਰਾਪਤ ਸਨ; ਇਥੇ ਕਲਾਂ ਦੀ ਗਿਣਤੀ ਮਿਣਤੀ ਵੀ ਮੁਕ ਗਈ। ਗੁਰੂ ਨਾਨਕ ਪਾਤਸ਼ਾਹ ਨੇ ਅਧਿਕਾਰੀ ਜਨ ਟੋਲ ਟੋਲ ਕੇ ਚਹੁੰ ਕੁੰਟਾਂ ਵਿਚ ਸਤਿਨਾਮ ਦਾ ਚਕਰ ਚਲਾਇਆ ਤੇ ਦਸ ਜਾਮੇ ਧਾਰ ਕੇ ਇਸ ਮਿਸ਼ਨ ਦੀ ਪਕਿਆਈ ਕੀਤੀ। ਅਜਿਹੇ ਅਲੌਕਿਕ ਮਿਸ਼ਨ ਨੂੰ ਪੂਰਾ ਕਰਨ ਵਾਲੇ ਮਹਾਨ ਪੁਰਸ਼ (ਗੁਰੂ ਨਾਨਕ ਸਹਿਬ) ਦੇ ਆਗਮਨ ਸੰਬੰਧੀ ਸਤਿਜੁਗ ਤੋਂ ਹੀ ਸੰਸਾਰ ਭਰ ਦੇ ਧਰਮ-ਗ੍ਰੰਥਾਂ ਵਿਚ ਕੀਤੀਆਂ ਭਵਿਖ ਬਾਣੀਆਂ ਮਿਲਦੀਆਂ ਹਨ, ਜਿਨ੍ਹਾਂ ਦਾ ਜ਼ਿਕਰ ਇਸ ਲੇਖ ਵਿਚ ਅੰਕਤ ਹੈ। —ਸੰਪਾਦਕ

 www.AKJ.Org

ਸਿਖ ਧਰਮ ਦਾ "ਵਿਚੋਲਾ ਵਾਦ" ਜਾਂ "ਅਵਤਾਰ ਵਾਦ" ਵਿਚ ਵਿਸ਼ਵਾਸ ਨਹੀਂ ਹੈ। ਜਿਥੇ ਦੂਜੇ ਧਰਮਾਂ ਦੇ ਰਸੂਲ ਜਾਂ ਪੈਗੰਬਰ ਇਹ ਆਖਦੇ ਹਨ ਕਿ ਜਿਹੜਾ ਮਨੁਖ ਸਾਡੇ ਉਤੇ ਯਕੀਨ ਲਿਆਵੇ-ਗਾ, ਅਸੀਂ ਅਗੇ ਉਸ ਦੀ ਬਹੁੜੀ ਕਰਾਂਗੇ।" ਪਰ ਗੁਰੂ ਨਾਨਕ ਦੀ ਵਾਹਿਗੁਰੂ ਅਗੇ ਅਰਦਾਸ ਹੈ ਕਿ :–

ਜਗਤੁ ਜਲੰਦਾ ਰਖਿ ਲੈ
ਆਪਣੀ ਕਿਰਪਾ ਧਾਰਿ ॥
ਜਿਤੁ ਦੁਆਰੈ ਉਬਰੈ
ਤਿਤੈ ਲੈਹੁ ਉਬਾਰਿ ॥ (੮੫੩)

ਅਤੇ ਹਰ ਗੁਰਸਿਖ ਨੂੰ ਹੁਕਮ ਹੈ ਕਿ ਹਰ ਰੋਜ਼ ਘਟ ਤੋਂ ਘਟ ਤਿੰਨ ਵੇਰਾਂ ਜ਼ਰੂਰ ਹੀ ਹਰ ਧਰਮ ਦੇ ਹਰ ਮਨੁਖ, ਸਗੋਂ ਸੰਸਾਰ ਦੇ ਹਰ ਜੀਵ ਦਾ ਭਲਾ ਮੰਗੇ–

ਨਾਨਕ ਨਾਮੁ ਚੜ੍ਹਦੀ ਕਲਾ,
ਤੇਰੇ ਭਾਣੇ ਸਰਬਤ ਕਾ ਭਲਾ।

ਸੰਸਾਰ ਵਿਚ ਜਿਤਨੇ ਆਤਮਿਕ ਰਹਿਬਰ, ਰਸੂਲ, ਵਲੀ ਅਲਾਹ, ਪੈਕੰਬਰ ਆਏ ਹਨ, ਉਹਨਾਂ ਚੋਂ ਸਭ ਤੋਂ ਵਧ ਵਡਿਆਈ ਗੁਰੂ ਨਾਨਕ ਪਾਤਸ਼ਾਹ ਨੂੰ ਬਖਸ਼ੀ ਗਈ ਹੈ। ਉਹਨਾਂ ਦੇ ਜੀਵਨ ਕਰਤਵਯ, ਉਹਨਾਂ ਦੇ ਸਾਂਝੇ ਉਪਦੇਸ਼ ਅਤੇ ਉਹਨਾਂ ਦੀ ਇਲਾਹੀ ਬਾਣੀ ਕਾਰਨ, ਹਿੰਦੂ ਉਹਨਾਂ ਨੂੰ ਆਪਣਾ ਗੁਰੂ ਮੰਨਦੇ ਅਤੇ ਮੁਸਲਮਾਨ ਆਪਣਾ ਪੀਰ। ਸਤਿਗੁਰੂ ਨਾਨਕ ਪਾਤਿਸ਼ਾਹ ਨੂੰ ਉਚੇਚੀਆਂ ਰੱਬੀ ਬਖਸ਼ਿਸ਼ਾਂ ਨਾਲ ਸੁ-ਸਜਿਤ ਕਰ ਕੇ, ਸੰਸਾਰ ਦੇ ਕਲਿਆਨ ਲਈ ਭੇਜਿਆ ਗਿਆ ਸੀ।

ਸੰਸਾਰ ਵਿਚ ਜਦੋਂ ਜਦੋਂ ਵੀ ਧਰਮ ਦੀ ਗਿਲਾਨੀ ਹੁੰਦੀ ਹੈ ਅਤੇ ਦੀਨ ਗਰੀਬ ਉਤੇ ਅਤਿਆਚਾਰ ਹੁੰਦੇ ਹਨ ਤਾਂ ਕੁਦਰਤ, ਕੋਈ ਨ ਕੋਈ ਸ਼ਕਤੀ ਇਹਨਾਂ ਅਤਿਆਚਾਰਾਂ ਨੂੰ ਠਲ੍ਹ ਪਾਣ ਲਈ ਭੇਜਦੀ ਹੈ।

ਸਰਬ ਸ਼ਕਤੀਮਾਨ ਵਾਹਿਗੁਰੂ ਸ੍ਰਿਸ਼ਟੀ ਰਚਨਾ ਦੇ ਨਾਲ ਨਾਲ ਹੀ ਵਖ ਵਖ ਸਮਿਆਂ ਅਤੇ ਵਖ ਵਖ ਹਾਲਾਤ ਵਿਚ ਆਪਣੀ ਪ੍ਰਤੀਨਿਧਤਾ ਕਰਨ ਲਈ ਵਖ ਵਖ ਮਹਾਂਪੁਰਖਾਂ ਨੂੰ ਨਿਯੁਕਤ ਕਰਦਾ ਰਹਿੰਦਾ ਹੈ, ਜਿਹਨਾਂ ਨੂੰ ਅਸੀਂ ਨੱਬੀ, ਰਸੂਲ, ਅਵਤਾਰ ਜਾਂ ਗੁਰੂ ਆਖਦੇ ਹਾਂ ਅਤੇ ਉਪ੍ਰੋਕਤ ਰੱਬੀ ਮਰਯਾਦਾ ਅਨੁਸਾਰ ਹੀ ਸਮੇਂ ਸਮੇਂ ਸਿਰ ਰਾਮ ਚੰਦਰ ਜੀ, ਕ੍ਰਿਸ਼ਨ ਜੀ, ਬੁਧ ਜੀ, ਇਬ੍ਰਾਹੀਮ ਜੀ, ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਈਸਾ ਜੀ ਤੇ ਗੁਰੂ ਨਾਨਕ ਜੀ ਆਦਿ ਇਸ ਸੰਸਾਰ ਵਿਚ ਆਉਂਦੇ ਰਹੇ, ਅਤੇ ਸੰਸਾਰ ਕਲਿਆਨ ਹਿਤ ਜਿਹੜਾ ਜਿਹੜਾ ਰਾਹ ਇਹ ਦਸਦੇ ਰਹੇ ਹਨ, ਉਹਨਾਂ ਨੂੰ ਅਸੀਂ ਧਰਮ ਆਖਦੇ ਹਾਂ।

ਹਰ ਇਕ ਨਬੀ ਰਸੂਲ ਜਾਂ ਅਵਤਾਰ ਅਗੋਂ ਆਉਣ ਵਾਲੇ ਮਹਾਂ ਪੁਰਖਾਂ ਸੰਬੰਧੀ ਪਤਾ ਦੇਂਦੇ ਆਏ ਅਥਵਾ ਪੇਸ਼ੀਨ-ਗੋਈਆਂ ਕਰਦੇ ਰਹੇ ਹਨ। ਅਜਿਹੀਆਂ ਪੇਸ਼ੀਨ-ਗੋਈਆਂ ਸਤਿਗੁਰੂ ਸ੍ਰੀ ਗੁਰੂ ਨਾਨਕ ਜੀ ਪ੍ਰਕਾਸ਼ ਸੰਬੰਧੀ ਸਭ ਤੋਂ ਵਧ, ਪੁਰਾਤਨ ਸਭ ਧਰਮਾਂ ਦੇ ਗ੍ਰੰਥਾਂ ਵਿਚੋਂ ਮਿਲਦੀਆਂ ਹਨ।

ਜਿਸ ਦਾ ਕਾਰਨ ਸ਼ਾਇਦ ਇਹ ਹੈ ਕਿ ਹੁਣ ਤੀਕ ਜਿਤਨੇ ਅਵਤਾਰ, ਪੈਗੰਬਰ ਜਾਂ ਮਹਾਂ ਪੁਰਖ ਆਏ ਹਨ ਉਹਨਾਂ ਸਭ ਤੋਂ ਵਧ ਗੁਰੂ ਨਾਨਕ ਪਾਤਿਸ਼ਾਹ ਸ਼ਕਤੀ-ਨਿਪੁੰਨ ਸਨ। ਸਤਿਗੁਰੂ ਨਾਨਕ ਜੀ ਸਰਬ ਕਲਾ ਸੰਪੂਰਨ ਸਨ।

ਸਤਿਜੁਗ ਵਿਚ ਧਰਮ ਦਾ ਰਾਜ ਸੀ, ਜਿਸ ਕਰਕੇ ਆਸੁਰੀ ਸ਼ਕਤੀਆਂ ਐਵੇਂ ਨਾਉਂ ਮਾਤਰ ਹੀ ਸਨ। ਇਹੋ ਹੀ ਕਾਰਨ ਹੈ ਕਿ ਉਦੋਂ ਦੇ ਅਵਤਾਰ ਵਿਸ਼ਨੂੰ ਜੀ ਵਧੇਰੇ ਕਰਕੇ ਖੀਰ ਸਮੁੰਦਰ ਵਿਚ ਲਹਿਰਾਂ ਉਤੇ ਆਸਣ ਕਰਕੇ ਬਿਸਰਾਮ ਕਰਦੇ ਰਹਿੰਦੇ ਸਨ। ਉਹਨਾਂ ਨੂੰ ਬਹੁਤੇ ਤਰੱਦਦ ਦੀ ਲੋੜ ਨਹੀਂ ਸੀ।"


www.AKJ.Org

ਤ੍ਰੇਤਾ ਵਿਚ ਧਰਮ ਦੀ ਇਕ ਲੱਤ ਟੁਟ ਗਈ, ਪਾਪ ਤੇ ਧਰਮ ਦਾ ਸਮਤੋਲ ੧:੩ ਦਾ ਹੋ ਗਿਆ। ਉਦੋਂ ਰਾਮ ਜੀ ਨੂੰ ਸੰਸਾਰ ਵਿਚ ਭੇਜਿਆ ਗਿਆ ਤੇ ਇਕ ਹਿੱਸਾ ਪਾਪ ਨਾਲ ਨਿਬੜਨ ਲਈ ਉਹਨਾਂ ਨੂੰ ਬਾਰ੍ਹਾਂ ਕਲਾ ਸੰਪੂਰਨ ਕਰ ਕੇ ਭੇਜਿਆ। ਉਦੋਂ ਇਤਨੀ ਕੁ ਸ਼ਕਤੀ ਕਾਫ਼ੀ ਸੀ ਪਾਪ ਕਰਮਾਂ ਵਿਰੁਧ।

ਤ੍ਰੇਤੇ ਪਿਛੋਂ ਦੁਆਪਰ ਆਇਆ। ਧਰਮ ਦੀ ਇਕ ਲੱਤ ਹੋਰ ਟੁਟ ਗਈ, ਪਾਪ ਤੇ ਧਰਮ ਅਧੋ ਅਧ ਹੋ ਗਏ। ਹੁਣ ਕ੍ਰਿਸ਼ਨ ਜੀ ਸੰਸਾਰ ਵਿਚ ਆਏ। ਆਪ ਜੀ ਨੂੰ ੧੬ ਕਲਾਂ ਦੀ ਸੰਪੂਰਨਤਾ ਬਖਸ਼ੀ ਗਈ।

ਕਲਜੁਗ ਵਿਚ ਧਰਮ ਇਕ ਹਿਸਾ ਤੇ ਤਿੰਨ ਹਿਸੇ ਪਾਪ ਹੋ ਗਿਆ। ਹੁਣ ਕਿਸੇ ਬਹੁਤ ਹੀ ਸ਼ਕਤੀਸ਼ਾਲੀ, ਸਗੋਂ ਬਿਅੰਤ ਸ਼ਕਤੀ-ਸ਼ਾਲੀ ਸ਼ਖਸੀਅਤ ਦੀ ਲੋੜ ਸੀ, ਸੋ ਸਤਿਗੁਰੂ ਨਾਨਕ ਜੀ ਦਾ ਪ੍ਰਕਾਸ਼ ਹੋਇਆ ਤੇ ਆਪ ਜੀ ਸਰਬ ਕਲਾ ਸੰਪੂਰਨ ਸਨ।

* * *

ਸਤਿਗੁਰੂ ਨਾਨਕ ਪ੍ਰਕਾਸ਼ ਸੰਬੰਧੀ ਸਤਿਜੁਗ ਤੋਂ ਹੀ ਪੇਸ਼ੀਨ-ਗੋਈਆਂ ਹੋਣੀਆਂ ਅਰੰਭ ਹੋ ਗਈਆਂ ਸਨ। ਦੁਨੀਆ ਦੇ ਹਰ ਧਰਮ ਵਿਚੋਂ ਸਤਿਗੁਰੂ ਨਾਨਕ ਜੀ ਦੇ ਪ੍ਰਕਾਸ਼ ਸੰਬੰਧੀ ਭਵਿਖ-ਵਾਕਾਂ ਦੇ ਸੰਕੇਤ ਮਿਲਦੇ ਹਨ। ਬਹੁਤੀ ਥਾਈਂ ਤਾਂ ਬਿਲਕੁਲ ਹੀ ਸਪੱਸ਼ਟ ਸ਼ਬਦਾਂ ਵਿਚ ਪੂਰੀ ਪੂਰੀ ਜਾਣਕਾਰੀ ਦੇ ਕੇ ਭਵਿਖਤ-ਬਾਣੀਆਂ ਕਰ ਦਿਤੀਆਂ ਹਨ।

ਸੰਸਾਰ ਭਰ ਦੀਆਂ ਪੁਸਤਕਾਂ ਵਿਚ, ਵੇਦ ਸਭ ਤੋਂ ਪੁਰਾਤਨ ਪੁਸਤਕਾਂ ਮੰਨੀਆਂ ਗਈਆਂ ਹਨ। ਇਹਨਾਂ ਦੀ ਰਚਨਾ ਸਤਿਜੁਗ ਵਿਚ ਹੋਈ ਮਿਥੀ ਗਈ ਹੈ। ਪੁਰਾਤਨ ਗ੍ਰੰਥਾਂ ਅਨੁਸਾਰ ਸਤਿਜੁਗ ਦੀ ਆਯੂ ੧੭,੨੮੦੦੦(ਸਤਾਰ੍ਹਾਂ ਲਖ ਅਠਾਈ ਹਜ਼ਾਰ) ਸਾਲ ਦੀ ਸੀ। ਤ੍ਰੇਤੇ ਦੀ ੧੨,੯੬੦੦੦ (ਬਾਰ੍ਹਾਂ ਲਖ ਛਿਆਨਵੇਂ ਹਜ਼ਾਰ) ਸਾਲ ਦੀ, ਦੁਆਪਰ ਦੀ ੮,੬੪੦੦੦ (ਅਠ ਲਖ ਚੌਸਠ ਹਜ਼ਾਰ) ਸਾਲ ਦੀ। ਅਤੇ ਕਲਜੁਗ ੧੭-੧੮ ਫ਼ਰਵਰੀ ੩੧੦੧ ਈ: ਪੂਰਬ ਤੋਂ ਅਰੰਭ ਹੁੰਦਾ ਹੈ ਜਿਸ ਦੀ ਉਮਰ ਅਜ ੧੯੭੯ ਵਿਚ ੫੦੮੦ ਸਾਲ ਦੀ ਹੋ ਗਈ ਹੈ। ਜੇਕਰ ਵੇਦ ਸਤਿਜੁਗ ਦੀ ਅਖ਼ੀਰਲੀ ਇਕ-ਚੁਥਾਈ ਵਿਚ ਵੀ ਲਿਖੇ ਗਏ ਹੋਣ ਤਦ ਵੀ ਉਹਨਾਂ ਨੂੰ ਲਿਖਿਆਂ ਅਜ ਤਕਰੀਬਨ ੨੫-੨੬ ਲਖ ਸਾਲ ਬਣਦੇ ਹਨ।

ਵਿਸ਼ਨੂੰ ਪੁਰਾਣ ਵਿਚ, ਵਿਸ਼ਨੂੰ ਜੀ ਤੇ ਅੰਬ੍ਰੀਕ ਰਿਸ਼ੀ ਦਾ ਆਪਸ ਵਿਚ ਦਾ ਸੰਵਾਦ ਅੰਕਿਤ ਕੀਤਾ ਹੋਇਆ ਹੈ। ਵਿਸ਼ਨੂੰ ਜੀ ਨੇ ਅੰਬ੍ਰੀਕ ਨੂੰ ਦਸਿਆ ਕਿ ਉਹ ਕਲਜੁਗ ਵਿਚ ਫਿਰ ਅਵਤਾਰ ਲੈ ਕੇ ਆਉਣਗੇ, ਤਾਂ ਅੰਬ੍ਰੀਕ ਨੇ ਪੁਛਿਆ ਕਿ ਕਦੋਂ ? ਤਾਂ ਵਿਸ਼ਨੂੰ ਜੀ ਦਸਦੇ ਹਨ--

ਤਦਾ ਨਾਮਾਵਤਾਰੇ ਮੇਂ ਪੰਚਾਲੇ
ਬਾਸ ਧਤਿ ਧੁਰਵੇ : ॥ ਕਲਿ ਦੋਸ਼
ਹਤ ਗਿਆਨ, ਲੋਕ ਸਧੋਧਾਰ
ਹੇਤਵੇ ॥ ੧੧ ॥

ਜਦੋਂ ਕਲਜੁਗ, ੪ ਹਜ਼ਾਰ ਤੇ ਪੰਜ ਸੌ ਸਾਲ ਬੀਤ ਜਾਏਗਾ, ਓਦੋਂ ਮੈਂ ਅਵਤਾਰ ਲੈ ਕੇ ਸ੍ਰਿਸ਼ਟੀ ਉਤੇ ਆਵਾਂਗਾ।

ਕਲਜੁਗ ਦੀ ਉਮਰ ਅਜ ੫੦੮੦ ਸਾਲ ਦੀ ਹੈ। ਇਸ ਹਿਸਾਬ ਸਤਿਗੁਰੂ ਨਾਨਕ ਜੀ ਦੇ ਪ੍ਰਕਾਸ਼ ਸਮੇਂ ਇਹ ਤਕਰੀਬਨ ਚਾਰ ਹਜ਼ਾਰ ਸਾਢੇ ਪੰਜ ਸੌ ਸਾਲ ਬਿਤਾ ਚੁਕਾ ਸੀ।

ਅੰਬਰੀਕ ਜੀ ਨੇ ਹੋਰ ਸਪੱਸ਼ਟੀ-ਕਰਨ ਮੰਗਿਆ ਤਾਂ ਵਿਸ਼ਨੂੰ ਜੀ ਨੇ ਕਿਹਾ--

ਬੁਧਾਵਤਾਰ ਵ੍ਰਣੋਤਮ ਸੋ ਜ਼ਗਤ ਪਤਿ ॥ ਯੁਗ
ਸੰਧਯਾ ਯਾਂ, ਕਲਿ ਪ੍ਰਥਮ ਸੁਤ ਸੰਧਯਾ ਭਾਗੇ
ਦਸਯੁ ਪ੍ਰਾਯੇਸ਼ ॥
ਨਾਮ ਬ੍ਰਣਾਸ੍ਰਮਾਦਿ ਵਿਹਿਤ, ਮ੍ਰਯਾਦਾ ਸੂਨ
ਯੇਸ਼ੁ ਰਾਜਸ਼ੁ ॥ ਜਨਿਤਾ ਨਾਮ ਗੁਰੂ ਰੂਪੇਣ,
ਪ੍ਰਾਦੁ ਭਵਿਸਯਤਿ ਤਤ ਪ੍ਰਭਾਵ ਜਿਗਿਆਸਾ ਯਾ
ਵਿਸਣੁ : ਯਸੇ : ਸੰਬੰਧਤਿ ਨਿਰੂਪਕ ਨਾਮ
ਮਹਾਤਮਯੇਨ ਕਲਿਕ : ਤਦੂਤਾ ਕਲਿਦੋਸ

 www.AKJ.Org

ਹਾਰਕ ਇਤ ਭਾਵ ॥

ਭਾਵ—ਬੁਧ ਅਵਤਾਰ ਦੇ ਪਿਛੋਂ ਕਲਿਜੁਗ ਵਿਚ ਯਵਨਾਂ ਦੇ ਰਾਜ ਸਮੇਂ ਬਹੁਤ ਤੇਜ ਵਾਲੇ ਗੁਰੂ ਰੂਪ ਅਵਤਾਰ ਲੈਣਗੇ ਅਤੇ ਇਹਨਾਂ ਦੇ ਤੇਜ ਤੋਂ ਇਹ ਜਾਣਿਆ ਜਾਏਗਾ ਕਿ ਵਿਸ਼ਨੂੰ ਭਗਵਾਨ ਆਪ ਕਲਜੁਗ ਵਿਖੇ ਪਾਪੀਆਂ ਦੇ ਸੰਘਾਰ ਲਈ ਆਇਆ ਹੈ।

ਤਾਂ ਅੰਬ੍ਰੀਕ ਰਿਖੀ ਨੇ ਪੁਛਿਆ ਉਦੋਂ ਤੁਹਾਡਾ ਨਾਉਂ ਕੀ ਹੋਵੇਗਾ ? ਤਾਂ ਵਿਸ਼ਨੂੰ ਜੀ ਨੇ ਉਤਰ ਦਿਤਾ—

ਛਤ੍ਰੀ ਯਸ ਕੁਲੇ ਭੂਤਵਾ ਨਾਨਕ ਕੇਤਿ ਨਾਮਨ
ਲੋਕ ਸੀਰਖਸ਼ਣਾਬਯ ਵਖਸ਼ਯੇ ਸਿਧਪਥੰ
ਨਾਰਾਣਾਮ ॥੧੧॥੧੨॥

ਉਦੋਂ ਮੈਂ ਛਤ੍ਰੀ ਸੂਰਜ ਬੰਸੀ ਕੁਲ ਵਿਚ ਨਾਨਕ ਨਾਮ ਦਾ ਅਵਤਾਰ ਲੈ ਕੇ ਪ੍ਰਗਟ ਹੋਵਾਂਗਾ ਅਤੇ ਅਗਿਆਨੀਆਂ ਨੂੰ ਸਿਧੇ ਰਾਹ ਤੇ ਪਾਵਾਂਗਾ।

ਇਸੇ ਪੁਰਾਣ ਵਿਚ ਇਕ ਥਾਂ ਹੋਰ ਲਿਖਿਆ ਹੈ—

ਸ੍ਰੀ ਨਾਨਕ ਸਤਤੰ ਸਾਮਿਰਾਮੀ
ਸ੍ਰੀ ਅਸਚ ਸ੍ਰੀ ਅਸਚ ਸ੍ਰੀ ਅਸਚ

ਸ੍ਰੀ ਨਾਨਕ ਸੰਸਾਰ ਵਿਚ ਕਈ ਜਾਮਿਆਂ ਵਿਚ ਆਵੇਗਾ, ਜ਼ਰੂਰ ਆਵੇਗਾ।

ਸੁਖ ਸਾਗਰ ਦੇ ਅਧਿਆਇ ੧੨ ਪੰਨਾ ੪੭੯ ਉਤੇ ਲਿਖਿਆ ਹੈ—

ਸੁਖਦੇਵ ਮੁਨੀ ਨੂੰ ਰਾਜੇ ਪ੍ਰੀਛਣ ਨੇ ਕਿਹਾ ਕਿ ਕਲਜੁਗ ਵਿਚ ਸੂਰਜ ਬੰਸੀ ਕੁਲ ਵਿਚ ਇਕ ਬਹੁਤ ਭਾਰੀ ਅਵਤਾਰ ਹੋਵੇਗਾ। (ਗੁਰੂ ਨਾਨਕ ਜੀ ਸੂਰਜ ਬੰਸੀ ਕੁਲ ਵਿਚ ਹੀ ਹੋਏ ਹਨ)

ਪਾਤੰਜਲੀ ਰਿਖੀ ਗੁਰੂ ਨਾਨਕ ਜੀ ਤੋਂ ੨੧੯੦ ਸਾਲ ਪਹਿਲਾਂ ਹੋਇਆ ਹੈ। ਇਹ ਇਕ ਵੇਰਾਂ ਆਪਣੇ ਆਸ਼ਰਮ ਵਿਚ ਆਪਣੇ ਵਿਦਿਆਰਥੀਆਂ ਨੂੰ ਪੜ੍ਹਾ ਰਿਹਾ ਸੀ ਕਿ ਕਲਜੁਗ ਦਾ ਪ੍ਰਕਰਣ ਚਲ ਪਿਆ, ਜਿਸ ਵਿਚ ਰਿਖੀ ਨੇ ਕਲਜੁਗ ਦੇ ਅਵਤਾਰਾਂ ਦੀ ਬੜੀ ਮਹਿਮਾ ਕੀਤੀ ਅਤੇ ਨਾਉਂ ਵੀ ਦਸਿਆ ਕਿ ਉਸ ਦਾ ਨਾਉਂ ਨਾਨਕ ਹੋਵੇਗਾ। ਫਿਰ ਸ਼ਿਸ਼ਾਂ ਦੇ ਪੁਛਣ ਉਤੇ ਕਿ ਉਸ ਦਾ ਮੰਤ੍ਰ ਕੀ ਹੋਵੇਗਾ ਤਾਂ ਰਿਖੀ ਨੇ ਦਸਿਆ ਕਿ ਉਸ ਦਾ ਮੰਤ੍ਰ ਸਭ ਤੋਂ ਨਿਰਾਲਾ ਹੋਵੇਗਾ, ਜਿਹੜਾ ਕਿਸੇ ਯੁਗ ਵਿਚ ਨਹੀਂ ਸੀ—

ਵਾਹਯੰਤੀ ਕਾਰਯੰਤੀ ਜਦੁਪਤੀ ਆਦਿਕ
ਇਤਵਾਹਾ ਬ੍ਰਹਮਾਦਯ : ਤੇਸ਼ਾ ਗੁਰੂ ਇਤਿ
ਵਾਹਿਗੁਰੂ ॥

ਕਲਜੁਗ ਦੇ ਅਵਤਾਰ ਦਾ ਮੰਤਰ ਜਦਪੁਤੀ ਅਤੇ ਬ੍ਰਹਮਾ ਤੋਂ ਵਖਰਾ ਹੀ ਹੋਵੇਗਾ। ਉਸ ਨੂੰ ਲੋਕੀਂ ਗੁਰੂ ਕਰ ਕੇ ਸੰਬੋਧਨ ਕਰਨਗੇ ਤੇ ਉਸ ਦਾ ਮੰਤ੍ਰ ਵਾਹਿਗੁਰੂ ਹੋਵੇਗਾ ਅਤੇ ਇਸੇ ਦਾ ਹੀ ਉਹ ਜਾਪ ਜਪਾਏਗਾ।

ਦਿਗਵਿਜੇ ਪੁਰਾਣ ਵਿਚ ਗੁਰੂ ਨਾਨਕ ਪ੍ਰਕਾਸ਼ ਸੰਬੰਧੀ ਇਸ ਪ੍ਰਕਾਰ ਸੰਕੇਤ ਹੈ—

ਤਤੋ ਅਸ਼ਠੋ ਜਨਮਾ ਭਾਵਿਆ ਪੁਸਕਸਚ
ਚਤਰਦਸਾ ਭਯੋ ਦਸ ਭਾਰੁੰਡ ਅਸਚ
ਮੌਨਾਇਕਾਦ ਸੈਈਵਤੁ ॥

ਜਦੋਂ ਅਠ ਯਵਨ ਰਾਜਿਆਂ ਦਾ ਸਮਾਂ ਹੋਵੇਗਾ ਉਦੋਂ ਵਿਸ਼ਨੂੰ ਦਸ ਰੂਪ ਗੁਰੂਆਂ ਦੇ ਧਾਰਨ ਕਰਕੇ ਸੰਸਾਰ ਵਿਚ ਆਵੇਗਾ ਤੇ ਉਹਨਾਂ ਪਿਛੋਂ ਮੋਨੀ ਗੁਰੂ ਹੋਵੇਗਾ ਜਿਹੜਾ ਬੁਲਾਉਣ ਤੇ ਬੋਲੇਗਾ। ਇਹਨਾਂ ਚੋਂ ਪਹਿਲਾਂ ਗੁਰੂ ਦਹੁੰਕੂਟਾਂ 'ਚ ਹੀ ਜਾਣਿਆ ਜਾਏਗਾ।

ਅਠ ਯਵਨ ਰਾਜੇ, ਜਿਹਨਾਂ ਦਾ ਸੰਕੇਤ ਹੈ, ਇਹ ਹਨ—ਸੁਲਤਾਨ ਲੋਧੀ, ਬਾਬਰ, ਹਮਾਯੂੰ, ਅਕਬਰ, ਜਹਾਂਗੀਰ, ਸ਼ਾਹਜਹਾਨ, ਔਰੰਗਜ਼ੇਬ, ਬਹਾਦਰ ਸ਼ਾਹ।

"ਇਹਨਾਂ 'ਚੋਂ ਪਹਿਲਾ ਗੁਰੂ ਚੋਹਾਂ ਕੂੰਟਾਂ ਵਿਚ ਜਾਣਿਆ ਜਾਏਗਾ।" ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਜੀ ਨੇ "ਮਾਰਿਆ ਸਿਕਾ ਜਗਤ ਵਿਚਿ" ਅਤੇ "ਬਾਬੇ ਡਿਠੀ ਪ੍ਰਿਥਵੀ ਨਵੈ ਖੰਡ ਜਿਥੈ ਤਕ ਆਹੀ", ਹੋਰ ਕਿਸੇ ਧਰਮ ਦੇ ਕਿਸੇ ਮਹਾਂ ਪੁਰਖ ਨੇ ਸੰਸਾਰ ਦਾ ਇਤਨਾ ਭ੍ਰਮਣ ਨਹੀਂ ਕੀਤਾ ਜਿਤਨਾ ਗੁਰੂ ਨਾਨਕ ਜੀ ਨੇ। ਅਤੇ ਕਿਸੇ ਹੋਰ ਨੇ ਪ੍ਰਭੂ ਜੀ


www.AKJ.Org

ਦੇ ਸੱਚ ਦਾ ਉਪਦੇਸ਼ ਇਤਨੇ ਲੋਕਾਂ ਦੇ ਕੰਨਾਂ ਤੀਕ ਨਹੀਂ ਪਹੁੰਚਾਇਆ ਜਿਤਨੇ ਲੋਕਾਂ ਤੀਕ ਗੁਰੂ ਨਾਨਕ ਪਾਤਿਸ਼ਾਹ ਨੇ ਪਹੁੰਚਾਇਆ ਹੈ।

ਇਕ ਲਿਖਤ ਅਨੁਸਾਰ, ਗੁਰੂ ਨਾਨਕ ਪਾਤਿਸ਼ਾਹ ਨੇ ਆਪਣੀ ਉਮਰ ਵਿਚ ਪ ਕਰੋੜ ਸਿਖ ਬਣਾਏ ਸਨ। ਭਾ: ਗੁਰਦਾਸ ਜੀ ਅਨੁਸਾਰ ਗੁਰੂ ਨਾਨਕ ਪਾਤਿਸ਼ਾਹ ਨੇ ਆਪਣੇ ਜੀਵਨ ਵਿਚ ਸਤ ਕਰੋੜ ਸਿਖ ਬਣਾਏ ਸਨ। ਸੰਸਾਰ ਦੇ ਕਿਸੇ ਧਰਮ ਦਾ ਸੰਚਾਲਕ ਵੀ ਆਪਣੇ ਜੀਵਨ ਵਿਚ ਇਤਨੇ ਅਨੁਯਾਈ ਨਹੀਂ ਬਣਾ ਸਕਿਆ।

ਦਸ ਗੁਰੂ ਸਾਹਿਬਾਨ ਦੇ ਪਿਛੋਂ ਜਿਹੜਾ ਯਾਰ੍ਹਵਾਂ ਮੋਨ ਗੁਰੂ ਦਾ ਸੰਕੇਤ ਹੈ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਲ ਇਸ਼ਾਰਾ ਹੈ।

ਰਿਗ ਵੇਦ ਵਿਚ ਗੁਰੂ ਨਾਨਕ ਪ੍ਰਕਾਸ਼ ਬਾਰੇ ਲਿਖਿਆ ਹੈ—

ਬੀ ਚਕ੍ਰਮੇ ਪ੍ਰਿਥਵੀ ਏਸ਼ਏਤਾਂ ਖੇਸਤ੍ਰਾਏ ਵਿਸ਼ਣੂ ਮਨੁਸ਼ਾਏ ਦਸ ਸਥਾਨ ਧਰੁਵਾ ਸੋ ਅਸਯ ਕੀਰਯੋ ਜਨਾਸ ਉਰੂ ਖਸ਼ਤ੍ਰਿ ਸੁ ਜਨਮਾ ਚਕਾਰ ॥੪॥

[ਅਧਿ. ੬, ਮੰਤ੍ਰ ੪, ਅਸ਼ ਪ, ਮੰਡਲ ੭

ਭਾਵ ਸੰਸਾਰ ਵਿਚ ਜਦੋਂ ਪਾਪ ਵਧ ਜਾਣਗੇ ਅਤੇ ਧਰਮ ਇਸ ਤਰ੍ਹਾਂ ਅਲੋਪ ਹੋ ਜਾਏਗਾ ਜਿਵੇਂ ਮਸਿਆ ਦੀ ਰਾਤ ਨੂੰ ਚੰਨ, ਉਸ ਵੇਲੇ ਵਿਸ਼ਨੂੰ ਖਤ੍ਰੀ ਕੁਲ ਵਿਚ ਅਵਤਾਰ ਲਏਗਾ ਅਤੇ ਦਸ ਰੂਪ ਗੁਰੂਆਂ ਦੇ ਧਾਰਨ ਕਰੇਗਾ ਅਤੇ ਸਾਰੇ ਸੰਸਾਰ ਵਿਚ ਫਿਰ ਕੇ ਧਰਮ ਦਾ ਪ੍ਰਚਾਰ ਕਰੇਗਾ।

ਰਿਗ ਵੇਦ ਵਿਚ ਇਕ ਥਾਂ ਹੋਰ ਲਿਖਿਆ ਹੈ—

ਈਦ ਈਦੰ ਵਿਸ਼ਣੂ ਰਿਣ
ਚਕ੍ਰਮੇ ਤ੍ਰਿਦਾ ਨਦਦੇ ਪਦਮ।

[ਮੰਡਲ ੧, ਸੂਤਕ ਪ, ਮੰਤ੍ਰ ੭

ਕਲਜੁਗ ਦਾ ਅਵਤਾਰ ਤਿੰਨ ਰੂਪਾਂ ਵਿਚ ਪਰੀਪੂਰਨ ਹੋਵੇਗਾ। ਅਵਤਾਰ ਰੂਪ ਵਿਚ ਸਾਰੇ ਸੰਸਾਰ ਵਿਚ ਸੱਚ ਦਾ ਪ੍ਰਚਾਰ ਕਰਨ ਵਿਚ। ਗ੍ਰਿਹਸਤੀ ਹੋ ਕੇ ਗ੍ਰਿਹਸਤ ਕਾਰ ਵੀ ਕਰੇਗਾ ਤੇ ਨਾਲ ਹੀ ਰਾਜ-ਜੋਗ ਵੀ ਕਮਾਏਗਾ।

ਰਿਗ ਵੇਦ ਵਿਚ ਕਲਜੁਗ ਦੇ ਅਵਤਾਰ ਦਾ ਨਾਉਂ ਵੀ ਪ੍ਰਗਟ ਕੀਤਾ ਹੈ ਤੇ ਕੁਲ ਵੀ ਦਸੀ ਹੈ—

ਸ੍ਰੀ ਨਾਨਕ ਗੁਰੰ ਵਰੰ ਸਕਲਾਦ ਹੇਤੂ।
ਹੇਤੁ ਸਮਸਤ ਜੁਗਤਾਂ ਵਰ ਵੇਦੀ ਕੇਤੰ॥

ਸੰਸਾਰ ਵਿਚ ਧਰਮ ਕਰਮ ਦੇ ਪ੍ਰਚਾਰ ਲਈ ਸਰਬ ਗੁਣ ਸੰਪੂਰਣ ਗੁਰੂ ਆਵੇਗਾ, ਜਿਸ ਦਾ ਨਾਉਂ ਨਾਨਕ ਹੋਵੇਗਾ ਤੇ ਵੇਦੀ ਵੰਸ ਵਿਚ ਉਸ ਦਾ ਜਨਮ ਹੋਵੇਗਾ।

ਯੁਜਰ ਵੇਦ ਨੇ ਵੀ ਰਿਗ ਵੇਦ ਵਾਂਗੂ ਕਲਜੁਗ ਦੇ ਅਵਤਾਰ ਨੂੰ ਤਿੰਨ ਰੂਪਾਂ ਵਿਚ ਪਰੀਪੂਰਨ ਲਿਖਿਆ ਹੈ—

ਵਿਸ਼ਨੂੰ ਬੀ ਚਕ੍ਰਮੇ ਤ੍ਰਿਦਾ ਨਿਦਦੇ ਪਦਮ
ਸਮੂਤਸਿਆ ਪਾਇ ਸੁਰੇ ਸੁਆਹਾ।

ਵਿਸ਼ਨੂੰ ਦਾ ਅਵਤਾਰ ਹੋਵੇਗਾ। ਤਿੰਨ ਰੂਪਾਂ ਵਿਚ ਨਿਪੁੰਨ ਹੋਵੇਗਾ: ਅਵਤਾਰ, ਗ੍ਰਿਹਸਤੀ ਤੇ ਰਾਜ ਜੋਗੀ।

ਸੰਤ ਦੇਵਾ ਸਿੰਘ ਜੀ ਨਿਰਮਲੇ ਨੇ ੧੯੯੯ ਈ: ਵਿਚ ਜਪੁਜੀ ਸਾਹਿਬ ਦਾ ਟੀਕਾ "ਜਪੁਜੀ ਪ੍ਰਦੀਪ" ਪ੍ਰਕਾਸ਼ਤ ਕੀਤਾ ਸੀ, ਉਸ ਵਿਚ ਲਿਖਦੇ ਹਨ—

ਤਿਸ (ਭਵਿਖਤ ਪੁਰਾਣ) ਮੇਂ ਗੁਰੂ ਨਾਨਕ ਜੀ ਕੇ ਅਵਤਾਰਤਾ ਬੋਧਕ ਸਲੋਕ ਹੈਂ। (ਪੰਨਾ ੧੭)

ਫਿਰ ਅਗੇ ਲਿਖਿਆ ਹੈ—

ਭਵਿਖਤ ਪੁਰਾਣ ਕੇ ਪਹਿਲੇ ਭਾਗ ਕੇ ਸਾਤ ਅਧਿਆਓਂ ਮੇਂ ਯਿਹ ਵਾਰਤਾ ਵਿਸਤਾਰ ਸੇ ਲਿਖੀ ਹੈ, ਤਹਾਂ ਬੀਬੀ ਨਾਨਕੀ ਔਰ ਬੀਬੀ ਭਾਨੀ ਕੇ ਨਾਮ ਭੀ ਲਿਖੇ ਹੈਂ। ਔਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਧਰਮ-ਪੁਤਰ "ਖਾਲਸਾ ਪੰਥ" ਭੀ ਤਹਾਂ ਲਿਖਾ ਹੈ। ਇਹ ਪ੍ਰਸੰਗ ਬਿਆਸ ਕ੍ਰਿਤ ਭਵਿਖਤ ਪੁਰਾਣ ਕੇ ਹੈਂ। (ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ)

[ਪੰਨਾ ੨੧

ਭਵਿਖਤ ਪੁਰਾਣ ਦੇ ਸ਼ਬਦ ਇਸ ਪ੍ਰਕਾਰ ਹਨ—

ਧਰਾ ਭਾਰੰ ਦ੍ਰਿਸਟਵਾ ਕਲੀ ਕ੍ਰਿਤਮ ਮਹਾਂ



www.AKJ.Org

ਕ੍ਰਿਤਯਾ ॥ ਏਵੰ ਵੇਈ ਧਰਮ ਪ੍ਰਚਾਰਯੰ ਭਵਿਖਤੀ ਯਦਾ ਕਲੌ ॥ ਤਦਾਵੈ ਲੋਕ ਰਖਿਆਰਥੰ ਮਲੇਛਾਨਾ ਨਾਸ ਹੇਤਵੇ ॥ ਪਸਚਮੇਤੂ ਸੁਭੇ ਦੇਸੇ, ਵੇਦਿ ਵੰਸੇ ਚਿ ਨਾਨਕਾ ॥ ਨਾਮ ਨਰ ਭੁਵਿਰਾਜ ਰਿਖੀਅੰ ਬ੍ਰਹਮ ਗਿਆਨੇਕ ਮਾਨਸ: ॥ ਭਵਿਖਤ ਕਲੌ ਸਕੰਧ ਤਤਵ ਵਿਤ ਕਲਿਆ ਹਰੇ ॥੩੫॥

ਭਾਵ—ਕਲਜੁਗ ਵਿਚ ਜਦੋਂ ਧਰਮ ਦੀ ਹਾਨੀ ਹੋਵੇਗੀ ਉਸ ਵੇਲੇ ਦੇਸ ਦੇ ਪੱਛਮ ਵਲ ਨੂੰ ਬੇਦੀ ਬੰਸ ਵਿਚ ਨਾਨਕ ਨਾਮ ਦਾ ਅਵਤਾਰ ਹੋਵੇਗਾ ਅਤੇ ਉਹ ਜਨਮ ਤੋਂ ਹੀ ਬ੍ਰਹਮ ਗਿਆਨ ਵਾਲਾ ਅਤੇ ਰਾਜ ਰਿਖੀ ਹੋਵੇਗਾ। ਉਹ ਧਰਮ ਦਾ ਪ੍ਰਚਾਰ ਕਰਨ ਅਤੇ ਮਲੇਛਾਂ ਦਾ ਨਾਸ ਕਰਨ ਲਈ ਪ੍ਰਗਟ ਹੋਵੇਗਾ ।

ਅਗੇ ਜਾ ਕੇ ਫਿਰ ਲਿਖਿਆ ਹੈ—

ਸ ਸ੍ਰੀ ਮਾਨ ਸਾਰ ਦੁਲਨ ਪਦਿਸਗਤੀ ਪਨ ਮਲੇਛਾਨਾ । ਹਰੇ ਨਿਸਯਤਿ ਧਰਮ ਤਤਵ ਪੋਦੇਸ਼ ਕ੍ਰਿਤ ॥੩੬॥ ਤੋ ਲੋਪ ਦ੍ਰਿਸ਼ਟੋ ਮਾਗਵੈ ਯੇ ਗ੍ਰਾਹੀ ਸਯੰਤਿ ਭੂਮਿਮਾ ਤਵੇ ਰਾਜ ਕਰ ਸਾਯੰਤਿ ਤਸੰਧ ਸਿਖਯਾਨ ਸਾਰਹਾ ॥੩੭॥ ਧਰਮੇਣ ਰਾਜਯਾ ਬਿਸਿਚਿ ਤੇਸ਼ਾ ਰਾਜਯਾ ਤਪਰੇ ॥ ਕਾਲੇ ਮਲੇਛਾਂ ਗੋਰ ਮੁਖਨਿਪਾਦ ॥੩੮॥

ਉਹ ਰਾਜ ਰਿਸ਼ੀ ਮਲੇਛਾਂ ਦਾ ਨਾਸ ਕਰੇਗਾ। ਉਸ ਰਾਜ ਰਿਸ਼ੀ ਦੇ ਧਰਮ ਦੇ ਸੂਰਬੀਰ ਸੰਸਾਰ ਵਿਚ ਮਲੇਛਾਂ ਨੂੰ ਨਸ਼ਟ ਕਰ ਕੇ ਧਰਮ ਦਾ ਰਾਜ ਸਥਾਪਨ ਕਰਨਗੇ। ਉਹ ਰਾਜ ਰਿਸ਼ੀ ਸਚ ਦਾ ਪ੍ਰਚਾਰ ਕਰੇਗਾ।

ਭਵਿਖਤ ਪੁਰਾਣ ਵਿਚ ਇਕ ਥਾਂ ਹੋਰ ਲਿਖਿਆ ਹੈ :—

ਗੁਰੂ ਰਾ ਬ੍ਰਹਮਾ, ਗੁਰੂ ਰਾ ਵਿਸਨੂੰ, ਗੁਰੂ ਰਾ ਦੇਵ ਮਹੇਸ਼ਰਾ ॥ ਸਾਖਯਾਤ ਪਾਰਬ੍ਰਹਮ ਤਸਮਈ ਨਾਨਕ ਨਾਮਹ ॥

ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਆਦਿ ਦਾ ਗੁਰੂ ਹਰੀ ਪ੍ਰਭੂ ਹੈ, ਉਹ ਹਰੀ ਪ੍ਰਭੂ ਪਾਰਬ੍ਰਹਮ ਸਾਖਯਾਤ ਰੂਪ ਪ੍ਰਗਟ ਹੋਵੇਗਾ, ਜਿਸ ਦਾ ਨਾਂ ਨਾਨਕ ਹੋਵੇਗਾ।

ਫਿਰ ਅਗੇ ਜਾ ਕੇ ਲਿਖਿਆ ਹੈ—

ਕਲੂ ਪ੍ਰਾਪਤੇ,ਤਦੋਲੋਕੋ, ਦੁਰਾਚਾਰ ਰਤੁ ਭਵਯਤੇ ॥ ਤਦਾ ਨਾਮਾਵਤਾਰੰ, ਮਹਿਮਾ ਚਾਲੇ ਬਵਿਦਯਤੇ॥ ਕਲੁ ਦੁਸ਼ਟ ਪ੍ਰਤਗਯਾ ਨੂਕਸਯੂ ਪੁਕਾਰ ਹੇਤਵੈ ॥ ਖਤਰਿ ਆਨਾ ਕੁਲੇ, ਸੁਧੇ ਨਾਨਕ ਏਤ ਸਿਵ ਨਾਮਤੇ ॥

ਕਲਜੁਗ ਜਦੋਂ ਆਵੇਗਾ, ਉਹ ਇਕ ਪ੍ਰਤਗਯਾ ਕਰ ਕੇ ਆਵੇਗਾ ਕਿ ਮੈਂ ਸੰਸਾਰ ਭ੍ਰਿਸ਼ਟ ਕਰ ਦਿਆਂਗਾ, ਧਰਮ ਕਰਮ ਨਹੀਂ ਰਹਿਣ ਦਿਆਂਗਾ। ਦੁਨੀਆ ਕੁਕਰਮਾਂ ਤੇ ਵਿਭਚਾਰ ਨਾਲ ਰੰਗ ਦਿਆਂਗਾ, ਉਸ ਸਮੇਂ ਨਿਰੰਕਾਰ ਦਾ ਅਵਤਾਰ ਨਾਨਕ ਰੂਪ ਵਿਚ ਖਤਰੀਆਂ ਦੀ ਕੁਲ ਚੋਂ ਆਵੇਗਾ । ਉਹ ਨਾਮ ਦਾ ਢੰਡੋਰਾ ਦੇਵੇਗਾ ਤੇ ਸਿਮਰਨ ਨੂੰ ਪ੍ਰਧਾਨਤਾ ਦੇ ਕੇ ਪ੍ਰੇਮ ਦਾ ਪਾਣੀ ਪਾਕੇ ਪਾਪਾਂ ਦੇ ਰੰਗ ਨੂੰ ਧੋਵੇਗਾ।

ਹਿੰਦੂ ਇਤਿਹਾਸ ਵਿਚ ਇਕ ਕਥਾ ਆਉਂਦੀ ਹੈ ਕਿ ਚਉਥਾ ਅੰਗਰਖਾ ਰਿਖੀ, ਉਹ ਦੀ ਧਰਮ ਪਤਨੀ ਅਗਨਈ ਦੀ ਕੁਖੋਂ ਹੋਇਆ। ਇਸੇ ਨੇ ਹੀ ਅਥਰ ਵੇਦ ਅਤੇ ਇਕ ਸਿਮ੍ਰਿਤੀ ਲਿਖੇ ਹਨ । ਇਹ ਆਪਣੇ ਪੁਤਰ ਮਨਸ ਨੂੰ ਆਪਣਾ ਰਾਜ ਭਾਗ ਦੇ ਕੇ ਆਪ ਜੰਗਲ ਵਿਚ ਤਪ ਕਰਨ ਚਲਾ ਗਿਆ। ਇਸ ਨੇ ਘੋਰ ਤਪ ਕੀਤਾ। ਇਤਿਹਾਸ ਲਿਖਦਾ ਹੈ ਕਿ ਦਸ ਹਜ਼ਾਰ ਸਾਲ ਤੀਕ ਇਹ ਕੇਵਲ ਕੰਦ ਮੂਲ ਤੇ ਜਲ ਆਸਰੇ ਤਪ ਕਰਦਾ ਰਿਹਾ । ਫਿਰ ਇਹ ਵੀ ਤਿਆਗ ਦਿਤਾ ਤੇ ਦੋ ਹਜ਼ਾਰ ਸਾਲ ਤਕ ਕੇਵਲ ਪਵਨ-ਅਹਾਰੀ ਰਹਿ ਕੇ ਤਪੱਸਿਆ ਕਰਦਾ ਰਿਹਾ । ਇਸ ਦੀ ਘੋਰ ਤਪੱਸਿਆ ਨੂੰ ਵੇਖ ਕੇ ਵਾਹਿਗੁਰੂ ਪ੍ਰਤਖ ਹੋਇਆ ਤੇ ਇਸ ਨੂੰ ਕੁਝ ਮੰਗਣ ਲਈ ਕਿਹਾ। ਉਸ ਨੇ ਅਗੋਂ ਉਤਰ ਦਿਤਾ "ਮੇਰੀ ਇੱਛਾ ਹੈ ਕਿ ਤੁਸੀਂ ਆਪ ਮੇਰੇ ਘਰ ਜਨਮ ਲਵੋ।" ਵਾਹਿਗੁਰੂ ਜੀ ਨੇ "ਤਥਾ ਅਸਤੂ" ਕਿਹਾ ਤੇ ਨਾਲ ਆਖਿਆ ਕਿ ਅਸੀਂ ਕਲਜੁਗ ਵਿਚ ਤੁਹਾਡੇ ਘਰ ਜਨਮ ਲਵਾਂਗੇ, ਪਰ ਤੁਸੀਂ ਸਾਨੂੰ ਪਛਾਣ



www.AKJ.Org

ਨਹੀਂ ਸਕੋਗੇ।''

ਇਤਿਹਾਸ ਦਸਦਾ ਹੈ ਕਿ ਇਹੋ ਅੰਗਰਖਾ ਰਿਖੀ ਕਲਜੁਗ ਵਿਚ ਬੇਦੀ ਵੰਸ਼ ਵਿਚ ਸ਼ਿਵਰਾਏ ਬੇਦੀ ਦੇ ਘਰ ਕਲਿਆਨ ਰਾਏ ਹੋ ਕੇ ਪੈਦਾ ਹੋਇਆ. ਜਿਸ ਦੇ ਘਰ ਅਗੋਂ ਅਕਾਲ ਪੁਰਖ ਨੇ ਉਸ ਦੇ ਪਿਛਲੇ ਜਨਮ ਦੇ ਤਪ ਅਤੇ ਆਪਣੇ ਬਚਨ ਅਨੁਸਾਰ ਗੁਰੂ ਨਾਨਕ ਰੂਪ ਵਿਚ ਅਵਤਾਰ ਲਿਆ। ਇਤਿ-ਹਾਸ ਗੁਆਹ ਹੈ ਕਿ ਪਿਤਾ ਕਾਲੂ ਜੀ ਸਾਰੀ ਉਮਰ ਹੀ ਗੁਰੂ ਨਾਨਕ ਜੀ ਨੂੰ ਪਛਾਣ ਨਹੀਂ ਸਕੇ।

(ਸਚੀ ਖੋਜ—੪੩-੪੪

ਭਵਿਖਤ ਪੁਰਾਣ ਵਿਚ ਇਕ ਥਾਂ ਇਸ ਪ੍ਰਕਾਰ ਵੀ ਲਿਖਿਆ ਹੈ—

ਸੋ ਜੁਗ ਸੰਧਯਾ ਦਸਯੁ ਪ੍ਰਾਯੇਸ਼ ॥
ਰਾਜਸ ਜਨਤਾ ਵਿਸਣੂ ਯਸ਼ਸੋ।
ਨਾਮਨਾ ਕਚਿਤੂ ਜਗਤਿ ਪਤਿ ॥

ਸੰਸਾਰ ਵਿਚੋਂ ਜਦੋਂ ਧਰਮ ਦੀ ਸੰਧਯਾ ਹੋ ਜਾਏਗੀ ਤਾਂ ਵਿਸ਼ਨੂੰ ਦਸ ਜਾਮੇ ਧਾਰ ਕੇ ਅਵਤਾਰ ਲਵੇਗਾ ਅਤੇ ਜਗਤ ਵਿਚ ਨਾਮ ਦਾ ਪ੍ਰਚਾਰ ਕਰੇਗਾ।

ਮਹਾਤਮਾ ਬੁੱਧ ਨੂੰ ਵੀ ਇਕ ਵੇਰਾਂ ਆਪਣੇ ਚੇਲਿਆਂ ਨੇ ਪ੍ਰਸ਼ਨ ਕੀਤਾ ਕਿ ਮਹਾਰਾਜ ਆਪ ਜੀ ਦੇ ਪਿਛੋਂ ਵੀ ਕੋਈ ਬੁਧ ਅਵਤਾਰ ਹੋਵੇਗਾ ? ਤਾਂ ਮਹਾਤਮਾ ਜੀ ਨੇ ਕਿਹਾ—''ਹਾਂ! ਮੇਰੇ ਪਿਛੋਂ ਜੋ ਅਵਤਾਰ ਹੋਵੇਗਾ ਉਹ ਮਾਸਟਰ ਹੋਵੇਗਾ।''

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਧੁਰੋਂ ਹੀ ਮਾਸਟਰ ਹੋ ਕੇ ਆਏ ਹਨ ਅਤੇ ਪਾਂਧੇ ਨੂੰ ਤੇ ਮੁਲਾਂ ਨੂੰ, ਜਿਸ ਪਾਸ ਵੀ ਉਹਨਾਂ ਨੂੰ ਪੜ੍ਹਨੇ ਪਾਇਆ ਗਿਆ, ਉਸ ਨੂੰ ਉਲਟਾ ਪੜ੍ਹਾ ਕੇ ਆਏ।

(ਸਚੀ ਖੋਜ—ਪੰਨਾ ੪੧੦)

ਮਹਾਤਮਾ ਬੁਧ ਜੀ ਦਾ ਜਨਮ ਗੁਰੂ ਨਾਨਕ ਪ੍ਰਕਾਸ਼ ਤੋਂ (੨੦੯੨-੯੩ ਵਿਚ) ਤਕਰੀਬਨ ੨੧੦੦ ਸਾਲ ਪਹਿਲਾਂ ਹੋਇਆ ਸੀ।

ਹਿੰਦੂ ਧਰਮ ਗ੍ਰੰਥਾਂ ਤੋਂ ਛੁਟ ਮੁਸਲਿਮ ਧਰਮ-ਪੁਸਤਕਾਂ ਵਿਚ ਵੀ ਗੁਰੂ ਨਾਨਕ ਪ੍ਰਕਾਸ਼ ਸੰਬੰਧੀ ਪੇਸ਼ੀਨ-ਗੋਈਆਂ ਮਿਲਦੀਆਂ ਹਨ।

ਕੁਰਾਨ ਸ਼ਰੀਫ਼ ਵਿਚ ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਤੋਂ ਪਹਿਲਾਂ ਹੋਏ ਕ੍ਰਿਸ਼ਨਾਵਤਾਰ ਅਤੇ ਆਪਣੇ ਤੋਂ ਪਿਛੋਂ ਹੋਣ ਵਾਲੇ ਨਾਨਕ ਪ੍ਰਕਾਸ਼ ਬਾਰੇ ਪੇਸ਼ੀਨਗੋਈਆਂ ਕੀਤੀਆਂ ਹਨ। ਕ੍ਰਿਸ਼ਨਾ-ਵਤਾਰ ਬਾਰੇ ਲਿਖਿਆ ਹੈ—

ਕਾਹਨਾ ਫ਼ਿਲ ਹਿੰਦੇ ਨਬੀ ਉਨ ਅਸਵਾ ॥
ਦੁਲ ਲਉਨੇ ਇਸਮੋਹੂ ਕਾਹਨ ॥

ਮੇਰੇ ਤੋਂ ਪਹਿਲਾਂ ਹਿੰਦੁਸਤਾਨ ਵਿਚ ਇਕ ਬਹੁਤ ਵਡਾ ਨਬੀ ਹੋਇਆ ਹੈ, ਜਿਸ ਦਾ ਰੰਗ ਸਾਂਵਲਾ ਤੇ ਨਾਮ ਕਾਹਨ ਸੀ।

ਅਤੇ ਆਉਣ ਵਾਲੇ ਨਬੀ ਗੁਰੂ ਨਾਨਕ ਬਾਰੇ ਇਸ ਪ੍ਰਕਾਰ ਲਿਖਿਆ ਹੈ—

ਯਾ ਅਯੋ ਹੱਲਾ ਜ਼ੀਨਾ ਆਮਾ ਨੂੰ ਮੰਯਰ ਤਦਾਮਿਨੰ। ਕੌਮ ਅਨ ਦੀਨੇ ਹੀਫ਼ਾ ਸੌਦਾ ਯਾ ਤਿਲਾ ਹੋ। ਬੇ ਕੌਮੀਯੋ ਹਿਬੋ ਹੁੰਮ ਵਾ ਯੋਹੇ ਬੁਨਾਹੂ।

ਭਾਵ—ਕਿ ਜਦੋਂ ਮੁਸਲਮਾਨ ਦੀਨ ਸ਼ਰਾਹ ਵਿਚ ਕਹੀਆਂ ਗੱਲਾਂ ਨੂੰ ਨਾ ਮੰਨਣਗੇ ਅਤੇ ਉਸ ਉਲਟ ਕਰਮ ਕਰਨ ਲਗ ਜਾਣਗੇ ਤਾਂ ਇਕ ਕੌਮ ਪੈਦਾ ਹੋਵੇਗੀ ਜਿਹੜੀ ਕਿ ਨਾਮ ਜਪਣ ਵਾਲਿਆਂ ਨੂੰ ਪਿਆਰ ਕਰੇਗੀ ਤੇ ਨਾਮ ਜਪਣ ਵਾਲੇ ਉਸ ਨੂੰ ਪਿਆਰ ਕਰਨਗੇ।

ਫਿਰ ਲਿਖਿਆ ਹੈ—

ਆ ਜ਼ਿਲਾ ਤਿਨ ਆਲਲ ਮੋਅਮੇ, ਨੀਨਾ ॥
ਆਇਜ਼ਾ ਤਿੰਨ ਆਲਲ ਕਾਫ਼ੇ ਰੀਨਾ ॥
ਯੋਜਾਇ ਦੂਨਾ ਫਾਲਾਬੀ ਲਿਲਾ ਹੇ ਵਾਲਾ
ਯਾ। ਆਖਾ ਫ਼ੂਨਾ ਲੌ ਮਾਤਾਂ ਲਾਇਮਿਮ।

(ਸੂਰਤ ੫—ਆਯਤ ੫੫)

ਉਹ ਕੌਮ ਮਿਹਰਬਾਨੀ ਕਰਨ ਵਾਲੀ ਹੋਵੇਗੀ ਮੋਮਨਾਂ ਉਤੇ, ਤੇ ਤਕੜੀ ਹੋਵੇਗੀ ਕਾਫ਼ਰਾਂ ਉਤੇ ਅਤੇ ਨਿਗੁਰਿਆਂ ਲਈ ਉਹ ਨਾਂਹ ਤਾਂ ਮੁਲਾਮਤਾਂ ਤੋਂ ਡਰੇਗੀ ਤੇ ਨਾਂਹ ਹੀ ਜ਼ਾਲਮ ਹਕੂਮਤ ਦੇਜ਼ੁਲਮਾਂ ਤੋਂ।

ਹਜ਼ਰਤ ਉਨਸ ਨੇ ਵੀ ਸਿਖ ਧਰਮ ਬਾਰੇ



www.AKJ.Org

ਸੰਕੇਤਕ ਪੇਸ਼ੀਨ-ਗੋਈ ਕੀਤੀ ਹੈ—

ਜਦੋਂ ਹਜ਼ਰਤ ਉਨਸ ਕੋਲ ਉਨ੍ਹਾਂ ਦੁਖਾਂ ਤਕਲੀਫਾਂ ਦੀ ਸ਼ਕਾਇਤ ਕੀਤੀ ਗਈ ਜਿਹੜੀਆਂ ਕਿ ਹਿਜਾਜ਼ ਵਲੋਂ ਉਨ੍ਹਾਂ ਨੂੰ ਦਿਤੀਆਂ ਗਈਆਂ ਸਨ, ਤਾਂ ਹਜ਼ਰਤ ਨੇ ਉਹਨਾਂ ਦੇ ਦੁਖ ਸੁਣ ਕੇ ਉਹਨਾਂ ਨੂੰ ਧੀਰਜ ਦਿਤੀ ਤੇ ਕਿਹਾ ਕਿ ਤੁਹਾਡੇ ਪਿਛੋਂ ਇਕ ਹੋਰ ਕੌਮ ਹੋਵੇਗੀ ਜਿਸ ਨੂੰ ਤੁਸਾਂ ਤੋਂ ਵੀ ਕਈ ਗੁਣਾਂ ਵਧ ਦੁਖ ਦਿਤੇ ਜਾਣਗੇ। ਇਹ ਗੱਲ ਮੈਂ ਤੁਹਾਡੇ ਨੱਬੀ ਕੋਲੋਂ ਸੁਣੀ ਹੈ।(ਹਦੀਸ ਬੁਖਾਰੀ- ਪੰਨਾ ੯੯੧)

ਹਜ਼ਰਤ ਸ਼ਾਹਿਬ ਨੂੰ ਜਦੋਂ ਉਸ ਕੌਮ ਦੇ ਪੈਦਾ ਹੋਣ ਬਾਰੇ ਪੁਛਿਆ ਗਿਆ ਕਿ ਕਦੋਂ ਹੋਵਗੀ ਤਾਂ ਆਪ ਜੀ ਨੇ ਉਤਰ ਦਿਤਾ—

ਕਿਆਮਤ ਆਉਣ ਤੋਂ ਪਹਿਲਾਂ ਵਡੀਆਂ ਵਡੀਆਂ ਤਾਕਤਾਂ ਆਪੋ ਵਿਚ ਲੜਨਗੀਆਂ। ਦਾਅਵਾ ਸਭ ਦਾ ਇਕ ਹੋਵੇਗਾ ਅਤੇ ਉਸ ਵੇਲੇ ਤੀਹ ਦੇ ਕਰੀਬ ਝੂਠੇ ਨਬੀ ਹੋਣਗੇ ਜਿਹੜੇ ਇਹ ਆਖਣਗੇ ਕਿ ਅਸੀਂ ਹੀ ਅਸਲ ਅਵਤਾਰ ਹਾਂ। ਉਸ ਸਮੇਂ ਲਹਿੰਦੇ ਪਾਸਿਓਂ ਸੂਰਜ ਨਿਕਲੇਗਾ, ਸਾਰੇ ਲੋਕ ਉਸ ਨੂੰ ਮੰਨਣਗੇ।

(ਹਦੀਸ ਬੁਖਾਰੀ—੯੯੩)

ਜਦੋਂ ਹਜ਼ਰਤ ਸਾਹਿਬ ਨੂੰ ਪੁਛਿਆ ਗਿਆ ਕਿ ਉਸ ਨੱਬੀ ਦਾ ਨਾਮ ਕੀ ਹੋਵੇਗਾ ਤਾਂ ਉਹਨਾਂ ਫੁਰਮਾਇਆ—

ਕਾਲਾ ਕਾਲਾ ਰਸੂਲਿੱਲਾ, ਸੌ ਲਿੱਲਾਹੂ
ਅਲਾਇ ਵਸਲਮ। ਲੈ ਆਖਰੇ ਤਿਇ
ਜ਼ਮਾਨਾ,ਨਾਨਕ ਇਨਸ਼ਾਹ,ਅਲਹੁਕਮੇ ਅਲ
ਉਮਤੀ, ਫਿਤਾ ਆਬੇ ਅਈਨ।

ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਖ਼ੁਦਾਵੰਦ ਤਾਅਲਾ ਆਪ ਨਾਨਕ ਦੇ ਰੂਪ ਵਿਚ ਆਵੇਗਾ। ਮੈਂ ਆਪਣੀ ਉਮਤ ਨੂੰ ਹੁਕਮ ਦੇਂਦਾ ਹਾਂ ਕਿ ਉਹ ਉਸ ਦੀ ਤਾਬੇਦਾਰੀ ਮਨਜ਼ੂਰ ਕਰੇ।

ਇਹ ਆਯਤ ਹਜ਼ਰਤ ਇਮਾਮ ਸਾਹਿਬ ਦੇ ਨਾਮ ਨਾਜ਼ਲ ਹੋਈ ਤੇ ਉਹਨਾਂ ਨੇ ਹਦੀਸ ਵਿਚ ਨੋਟ ਕਰ ਲਈ।

ਸਮੇਂ ਦੇ ਅਵਤਾਰ ਦੀ ਤਾਬੇਦਾਰੀ ਸੰਬੰਧੀ ਕੁਰਾਨ ਸ਼ਰੀਫ ਵਿਚ ਫੁਰਮਾਨ ਹੈ—

ਯਾ ਅਯੋ ਹੈਲਾ ਜ਼ੀਨਾ ਆਮਾ ਨੂੰ ਅਤੀ
ਉੱਲਾ ਹਾਵਾ ਅਤੀ ਉਰ ਰਸੂਲਾ ਵਾਉ
ਲਿਲ ਅਮਰੇ ਮਿੰਨ ਕੁੰਮ।

ਮੁਸਲਮਾਨਾਂ ਨੂੰ ਚਾਹੀਦਾ ਹੈ ਕਿ ਖ਼ੁਦਾਵੰਦ ਕਰੀਮ ਦਾ ਹੁਕਮ ਮੰਨਣ ਤੇ ਨਾਲ ਹੀ ਸਮੇਂ ਦੇ ਪੈਗੰਬਰ ਅਥਵਾ ਨਬੀ ਦਾ।

ਇੱਨ ਤੱਸ ਤੱਗ ਫ਼ੇ ਰੱਲਾ ਹੁੰਮ ਸਬਈਨਾ
ਮਰਾ ਤਨ ਫਾ ਲਯੰ ਯੱਗ ਫ਼ੇ ਰਲਾ ਹੋਲਾ
ਹੁੰਮ, ਜ਼ਾਲੇ ਕਾਬੇ ਅਨਾ ਹੁੰਮ ਕਾਫਾਰੂ
ਬਿੱਲਾ ਹੇ ਵਾਰਸੂਲੇ ਹੀ।

ਹੇ ਮੁਹੰਮਦ! ਜੇਕਰ ਤੂੰ ਸਤਰ ਵਾਰ ਵੀ ਉਹਨਾਂ ਲੋਕਾਂ ਨੂੰ ਮਾਫ ਕਰਾਉਣ ਵਾਸਤੇ ਬੇਨਤੀ ਕਰੇਂਗਾ ਤਾਂ ਵੀ ਮੈਂ ਉਹਨਾਂ ਨੂੰ ਖਿਮਾ ਨਹੀਂ ਕਰਾਂਗਾ, ਕਿਉਂਕਿ ਉਨ੍ਹਾਂ ਨੇ ਮੇਰਾ ਤੇ ਮੇਰੇ ਭੇਜੇ ਹੋਏ ਵਕਤ ਦੇ ਪੈਗੰਬਰ ਦਾ ਹੁਕਮ ਨਹੀਂ ਮੰਨਿਆ। (ਬਾਕੀ ਅਗਲੇ ਪਰਚੇ ਵਿਚ)

# ਪੰਡੋਰੀ (ਫਗਵਾੜਾ) ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਿਆਂ ਵਲੋਂ ਗੁਰਦਵਾਰਾ ਸਾਹਿਬ ਪਿੰਡ ਪੰਡੋਰੀ (ਜਮਾਲ ਦੀ) ਤਹਿਸੀਲ ਫਗਵਾੜਾ ਵਿਖੇ ੧ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਕੀਰਤਨ ਦਾ ਅਨੰਦ ਮਾਣਨ ਜੀ।

ਨੋਟ :—ਪੰਡੋਰੀ ਫਗਵਾੜੇ ਤੋਂ ਸਾਢੇ ਤਿੰਨ ਮੀਲ, ਘੁੰਮਣਾਂ ਮਾਣਕਾਂ ਵਾਲੀ ਸੜਕ ਤੇ ਹੈ। ਆਖਰੀ ਬਸ ਪੰਜ ਵਜੇ ਸ਼ਾਮ ਫਗਵਾੜੇ ਤੋਂ ਚਲਦੀ ਹੈ। ਫਗਵਾੜੇ ਬਸ ਅਡੇ ਤੋਂ ਟਰੱਕ/ਟਰਾਲੀ ਸ਼ਾਮ ੭॥ ਵਜੇ ਉਚੇਚੀ ਪੰਡੋਰੀ ਲਈ ਚਲੇਗੀ। ਦਾਸ : ਡਾ: ਚਰਨ ਸਿੰਘ ਪੰਡੋਰੀ———ਪ੍ਰਾਰਥਕ : ਅਖੰਡ ਕੀਰਤਨੀ ਜਥਾ, ਫਗਵਾੜਾ।



www.AKJ.Org

# ਅਬਦਾਲੀ, ਸਿੱਖ ਤੇ ਵਡਾ ਘਲੂਘਾਰਾ–(੧੫)

[ਵਲੋਂ—ਕੈਪਟਿਨ ਸਵਰਨ ਸਿੰਘ ਜੀ ਘੜਿਆਲਾ]

## ਸਰਹੰਦ ਦੇ ਇਲਾਕੇ ਦੀ ਵੰਡ-
(ਜਨਵਰੀ-ਫਰਵਰੀ ੧੭੬੪)

ਜ਼ੈਨ ਖ਼ਾਨ ਦੀ ਮੌਤ ਤੇ ਸਰਹੰਦ ਦੀ ਫ਼ਤਿਹ ਨਾਲ, ਸਰਹੰਦ ਦਾ ਸਾਰਾ ਇਲਾਕਾ ਜੋ ਲਗ ਪੱਗ ੨੨੦ ਮੀਲ ਲੰਮਾ ਤੇ ੧੬੦ ਮੀਲ ਚੌੜਾ ਪੱਧਰ ਤੇ ਉਪਜਾਊ ਮੈਦਾਨ ਸੀ, ਦੁਰਾਨੀਆਂ ਦੀ ਗੁਲਾਮੀ ਦੇ ਜੂਲੇ ਥੱਲਿਉਂ ਨਿਕਲ ਕੇ ਸਿੰਘਾਂ ਦੇ ਤਹਿਤ ਵਿਚ ਆ ਗਿਆ। ਚੜ੍ਹਦੇ ਵਿਚ ਸਰਮੌਰ ਦੀਆਂ ਪਹਾੜੀਆਂ ਤੇ ਜਮਨਾ ਤੋਂ ਲੈ ਕੇ ਰਾਜਸਥਾਨ ਤੇ ਬਹਾਵਲਪੁਰ ਦੀ ਹੱਦ ਤੱਕ, ਤੇ ਉੱਤਰ ਵਿਚ ਸਤਲੁਜ ਤੋਂ ਲੈ ਕੇ ਪਾਨੀਪਤ ਤਕ ਇਹ ਫੈਲਿਆ ਹੋਇਆ ਸੀ। ਇਸ ਦੀ ਸਾਲਾਨਾ ਆਮਦਨ ਪ੨ ਲੱਖ ਸੀ। ਹੁਣ ਮਿਸਲਦਾਰ ਸਰਦਾਰ ਆਪਣੀਆਂ ਮੋਰਾਂ ਜਮਾਉਣ ਤੇ ਪੱਕੀਆਂ ਕਰਨ ਲਈ ਆਪਣੇ ਆਪਣੇ ਘੋੜ-ਸਵਾਰ ਲੈ ਕੇ ਚੁਫੇਰੇ ਚੜ੍ਹ ਨਿਕਲੇ। ਸ਼ੁਕਰਚੱਕੀਆ, ਕਨੱਈਆਂ, ਨਕਈਆਂ ਅਤੇ ਰਾਮ-ਗੜ੍ਹੀਆਂ ਦਾ ਧਿਆਨ ਜਲੰਧਰ-ਦੁਆਬ ਤੇ ਇਸ ਦੇ ਉੱਤਰ ਦੇ ਇਲਾਕਿਆਂ ਵਲ ਸੀ, ਇਸ ਲਈ ਇਨ੍ਹਾਂ ਤੋਂ ਬਿਨਾਂ ਬਾਕੀ ਮਿਸਲਾਂ ਨੇ ਸਰਹੰਦ ਦੀ ਵੰਡ ਵਿਚੋਂ ਕੁਝ ਨਾ ਕੁਝ ਇਲਾਕਾ ਜ਼ਰੂਰ ਆਪਣੀ ਮੇਰ ਵਿਚ ਲੈ ਲਿਆ। ਸਿਖ ਸਰਦਾਰ ਆਪਣੇ ਭਾਈ-ਬੰਦਾਂ ਤੇ ਸੰਗੀ-ਸਾਥੀ ਘੋੜ-ਸਵਾਰਾਂ ਨਾਲ ਮੱਲਾਂ ਪੱਕੀਆਂ ਕਰਨ ਲਈ ਪਿੰਡੋ ਪਿੰਡ ਫਿਰ ਨਿਕਲੇ। ਜਿਸ ਪਿੰਡ ਜਾਂਦੇ ਓਥੋਂ ਦੇ ਮੁਖੀ, ਚੌਧਰੀ ਜਾਂ ਨੰਬਰਦਾਰ ਪਾਸੋਂ ਆਪਣੀ ਸਿਕਦਾਰੀ ਦੇ ਨਜ਼ਰਾਨੇ ਵਜੋਂ ਰੁਪਏ, ਘਟ ਤੋਂ ਘਟ ਸਵਾ ਰੁਪਿਆ, ਜਾਂ ਗੁੜ ਦੀ ਭੇਲੀ ਜਾਂ ਸ਼ੱਕਰ ਦੇ ਕੁਝ ਬੁੱਕ ਜਾਂ ਪੱਕੇ ਪ੍ਰਸ਼ਾਦੇ ਲੈਂਦੇ। ਏਥੇ ਆਪਣਾ ਕੋਈ ਸਵਾਰ ਜਾਂ ਪਿਆਦਾ ਰਾਖੀ ਦੇ ਤੌਰ ਤੇ ਛੱਡ ਕੇ ਆਪ ਝਟ ਪਟ ਅਗਲੇ ਪਿੰਡ ਵਲ ਨੂੰ ਹੋ ਤੁਰਦੇ। ਏਸੇ ਤਰ੍ਹਾਂ ਪਿੰਡੋ ਪਿੰਡ ਨਜ਼ਰਾਨੇ ਲੈ ਕੇ ਆਪਣੀ ਮੇਰ ਦਾ ਐਲਾਨ ਕਰੀ ਜਾਂਦੇ। ਨਾ ਤਾਂ ਪਿੰਡਾਂ ਵਾਲੇ ਹੀ ਅਗੋਂ ਅੜਦੇ ਤੇ ਨਾ ਹੀ ਕਿਸੇ ਦੇ ਮੱਲੇ ਹੋਏ ਪਿੰਡ ਨੂੰ ਦੂਸਰਾ ਸਰਦਾਰ ਹੀ ਆ ਕੇ ਛੇੜਦਾ। ਮੱਲੇ ਹੋਏ ਨੂੰ ਛੱਡ ਕੇ ਉਹ ਅਗਲੇ ਵੱਲ ਹੋ ਜਾਂਦਾ ਤੇ ਓਥੇ ਅਣਮੱਲੇ ਹੋਏ ਤੇ ਆਪਣੀ ਮੇਰ ਜਾ ਜਮਾਉਂਦਾ। ਦੂਸਰੇ ਇਤਿਹਾਸਕਾਰਾਂ ਵਾਂਗ ਕਨਿੰਘਮ ਵੀ ਆਪਣੀ ਪ੍ਰਸਿਧ ਪੁਸਤਕ "ਹਿਸਟਰੀ ਆਫ਼ ਦੀ ਸਿਖਸ" ਵਿਚ ਲਿਖਦਾ ਹੈ ਕਿ ਲੋਕ ਹਾਲ ਤਕ ਜ਼ਿਕਰ ਕਰਦੇ ਹਨ ਕਿ ਸਰਹੰਦ ਦੀ ਲੜਾਈ ਜਿਤੀ ਜਾਣ ਪਿਛੋਂ ਝਟ ਪਟ ਕਿਵੇਂ ਸਿੰਘ ਚੁਫੇਰੇ ਖਿਲਰ ਗਏ ਅਤੇ ਕਿਵੇਂ ਹਰ ਘੋੜ-ਚੜ੍ਹਾ ਰਾਤ ਦਿਨ ਘੋੜੇ ਤੇ ਸਵਾਰ ਹੋ ਕੇ ਵਖ ਵਖ ਪਿੰਡਾਂ ਵਿਚ ਆਪਣੀ ਮੇਰ ਤੇ ਕਬਜ਼ਾ ਜਮਾਉਣ ਲਈ ਕਿਧਰੇ ਆਪਣੀ ਪੇਟੀ ਜਾਂ ਸੁਟਦਾ, ਕਿਧਰੇ ਮਿਆਨ, ਕਿਧਰੇ ਆਪਣੇ ਲਿਬਾਸ ਦਾ ਕੋਈ ਕਪੜਾ ਜਾਂ ਜ਼ੀਨ (ਘੋੜੇ ਦੀ ਕਾਠੀ) ਦਾ ਕੋਈ ਹਿਸਾ।*

## ਏਡੀ ਆਸਾਨੀ ਨਾਲ ਇਹ ਇਲਾਕਾ ਕਿਵੇਂ ਕਾਬੂ ਆ ਗਿਆ–

ਇਹ ਸਮਝਣ ਲਈ ਕਿ ਜ਼ੈਨ ਖ਼ਾਨ ਦੀ ਹਾਰ

---

*ਮੁਫ਼ਤੀ ਅਲੀਉੱਦੀਨ—ਇਬਰਤਨਾਮਾ ਸਫ਼ਾ ੧੨੬ ਓ, ੧੨੯—ਅ; ਰਤਨ ਚੰਦ—ਖ਼ਾਲਸਾ ਨਾਮਾ—ਸਫ਼ਾ ੩੪-੩੫; ਜੇ. ਡੀ. ਕਨਿੰਘਮ—ਹਿਸਟਰੀ ਆਫ਼ ਦੀ ਸਿਖਸ—ਸਫ਼ਾ ੧੧੦; ਹਰਚਰਨ ਦਾਸ—ਚਹਾਰ ਗੁਲਜ਼ਾਰ ਸ਼ੁਜਾਏ—ਸਫ਼ਾ ੪੯੯ ਅ; ਅਹਿਮਦ ਸ਼ਾਹ ਬਟਾਲੀਆ-ਤਾਰੀਖ਼ੇ-ਪੰਜਾਬ—ਸਫ਼ਾ ੮੯੬; ਅਤਰ ਸਿੰਘ-ਤਾਰੀਖ਼ੇ ਸਿਧੂ ਪੰਨਾ ੧੨੮।


www.AKJ.Org

ਪਿਛੋਂ ਏਡਾ ਵੱਡਾ ਤੇ ਲੰਮਾ ਚੋੜਾ ਇਲਾਕਾ ਬਗੈਰ ਕਿਸੇ ਖੇਚਲ ਤਰੱਦਦ ਦੇ, ਜਾਂ ਇਕ ਬੂੰਦ ਵੀ ਲਹੂ ਦੀ ਡੁਲ੍ਹਣ ਤੋਂ ਬਿਨਾ ਕਿਵੇਂ ਸਿੰਘਾਂ ਦੀ ਸਰਦਾਰੀ ਨੂੰ ਸਹਿਜੇ ਹੀ ਮੰਨ ਗਿਆ, ਦੋ ਗੱਲਾਂ ਧਿਆਨ ਵਿਚ ਲਿਆਉਣੀਆਂ ਪੈਣਗੀਆਂ—

ਪਹਿਲੀ ਤਾਂ ਇਸ ਦੀ ਭੂਗੋਲਿਕ ਸਥਿਤੀ। ਇਸ ਦੇ ਇਕ ਪਾਸੇ ਪਹਾੜ ਹਨ ਤੇ ਦੂਸਰੇ ਪਾਸੇ ਰਾਜਿਸਥਾਨ ਦੇ ਮਾਰੂਥਲ ਦੀ ਹੱਦ ਦੇ ਨਾਲ ਨਾਲ ਤਕੜੇ ਜੰਗਲ ਦੀ ਪੱਟੀ। ਸਰਹੰਦ ਦਾ ਉਪਜਾਊ ਖਿਤਾ ਇਨ੍ਹਾਂ ਦੋਹਾਂ ਹਦਾਂ ਦੇ ਵਿਚਕਾਰ ਪਸਰਿਆ ਹੋਇਆ ਸੀ। ਉੱਤਰ ਵਲੋਂ ਜਿਹੜਾ ਵੀ ਹਮਲਾਵਰ ਦਿਲੀ ਨੂੰ ਆਪਣੀ ਜਿੱਤ ਦਾ ਨਿਸ਼ਾਨਾ ਬਣਾ ਕੇ ਆਉਂਦਾ, ਪਾਨੀਪੱਤ ਦੇ ਮੈਦਾਨ ਵਿਚ ਭਿੜਨ ਲਈ, ਉਸ ਨੂੰ ਏਸੇ ਖਿੱਤੇ ਵਿਚੋਂ ਦੀ ਲੰਘਣਾ ਪੈਂਦਾ ਸੀ। ਇਹ ਕੁਦਰਤੀ ਸੀ ਕਿ ਉੱਤਰੀ ਹਿੰਦ ਵਿਚ ਜਿੰਨੀਆਂ ਵੀ ਮੁਹਿੰਮਾਂ ਸਰ ਹੋਈਆਂ ਤੇ ਰਣਾਂ ਵਿਚ ਭੇੜ ਪਏ, ਉਨ੍ਹਾਂ ਦਾ ਮਾਰੂ ਅਸਰ ਏਥੇ ਪੈਂਦਾ। ਮੁਸਲਮਾਨਾਂ ਦੇ ਹਮਲਿਆਂ ਵਿਚ ਤਾਂ ਚਲ ਸੋ ਚਲ ਰਹੀ ਹੈ। ਨਤੀਜੇ ਵਜੋਂ ਏਸ ਖੰਡ ਦੇ ਵਾਸੀ, ਖਾਸ ਕਰਕੇ ਜੋ ਇਸ ਰਸਤੇ ਦੇ ਦੋਹੀਂ ਪਾਸੀਂ ਵਸਦੇ ਸਨ, ਹਮਲਾਵਰਾਂ ਦੀ ਦਗੜ ਦਗੜ ਵਿਚ ਬੁਰੀ ਤਰ੍ਹਾਂ ਕੁਚਲੇ ਤੇ ਮਧੋਲੇ ਗਏ। ਇਸ ਲਗਾਤਾਰ ਚੱਕਰ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਸੁਰਮੇ ਵਾਂਗ ਪੀਹ ਸੁਟਿਆ ਕਿ ਜਰਵਾਣਿਆਂ ਦਾ ਟਾਕਰਾ ਕਰਨ ਲਈ ਉਨ੍ਹਾਂ ਵਿਚ ਸਾਹ-ਸਤ ਹੀ ਨਾ ਰਹਿ ਗਿਆ।

ਉਹ ਏਨੇ ਸਾਹਿਸਹੀਨ ਹੋ ਗਏ ਕਿ ਕਿਸੇ ਵੀ ਮੁਸ਼ਕਲ ਨਾਲ ਟਕਰਾਉਣ ਜੋਗੇ ਨਾ ਰਹੇ। ਹਰ ਅੱਗੇ ਨਿਊਂ ਜਾਣਾ ਹੀ ਉਨ੍ਹਾਂ ਆਪਣੀ ਤਕਦੀਰ ਸਮਝ ਛਡੀ।

ਦੂਜੀ ਗੱਲ ਇਹ ਕਿ ਸਿਖਾਂ ਦੀ ਕੁਰਬਾਨੀ ਭਰੀ ਜ਼ਿੰਦਗੀ, ਮਜ਼ਲੂਮ ਤੇ ਨਿਆਸਰਿਆਂ ਲਈ ਓਟ ਬਣਨਾ, ਜਾਬਰਾਂ ਜਰਵਾਣਿਆਂ ਦਾ ਸੂਰਮਗਤੀ ਨਾਲ ਟਾਕਰਾ ਕਰਨਾ ਤੇ ਹਮੇਸ਼ਾ ਚੜ੍ਹਦੀ ਕਲਾ ਵਿਚ ਹੀ ਰਹਿਣਾ, ਕੁਝ ਐਹੋ ਜਿਹੇ ਨਜ਼ਾਰੇ ਸਨ ਜਿਨ੍ਹਾਂ ਏਥੋਂ ਦੇ ਦਬਾਏ ਹੋਏ ਲੋਕਾਂ ਦੇ ਦਿਲਾਂ ਵਿਚ ਸਾਹਿਸੀ ਜੀਵਨ ਲਈ ਤਾਂਘ ਪੈਦਾ ਕਰ ਦਿਤੀ। ਸਭ ਤੋਂ ਪਹਿਲਾਂ ਬੜੇ ਉੱਚੇ ਸੁਚੇ, ਧਰਮੀ ਤੇ ਨਿਡਰਤਾ ਵਾਲੇ ਜੀਵਨ ਦੀ ਸੇਧ ਉਨ੍ਹਾਂ ਨੂੰ ਸ੍ਰੀ ਗੁਰੂ ਤੇਗ ਬਹਾਦੁਰ ਜੀ ਤੋਂ ਮਿਲੀ, ਜਦ ਉਹ ਮਾਖੋਵਾਲ (ਸ੍ਰੀ ਅਨੰਦਪੁਰ ਸਾਹਿਬ) ਜ਼ਿਲਾ ਰੋਪੜ ਵਿਚ ਬ੍ਰਾਜਮਾਨ ਸਨ ਤੇ ਏਸ ਗਿਆਨ ਤੇ ਧਰਮ ਦੇ ਕੇਂਦਰ ਤੋਂ ਉਠ ਕੇ ਏਸ ਇਲਾਕੇ ਵਿਚ ਧਰਮ ਪ੍ਰਚਾਰ ਲਈ ਦੌਰੇ ਕਰਿਆ ਕਰਦੇ ਸਨ। ਇਨ੍ਹਾਂ ਦੌਰਿਆਂ ਨਾਲ ਹਜ਼ਾਰਾਂ ਹਿੰਦੂ ਮੁਸਲਮਾਨ ਅਗਾਧ ਸ਼ਰਧਾ ਨਾਲ ਗੁਰੂ ਮਹਾਰਾਜ ਦੇ ਅਸਰ ਥੱਲੇ ਆ ਗਏ। ਏਥੋਂ ਤਕ ਕਿ ਆਦਮ ਮਲਕ ਵਰਗੇ ਸ਼ਖਸ ਵੀ ਗੁਰੂ ਮਹਾਰਾਜ ਦੇ ਲੜ ਆਣ ਲੱਗੇ। ਇਸ ਨੀਮ ਮੁਰਦਾ ਇਲਾਕੇ ਨੂੰ ਨਵਾਂ ਸਾਹ ਆਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਧਰਮ ਹੇਤ ਬਲੀਦਾਨ ਇਨ੍ਹਾਂ ਵਿਚ ਨਵੀਂ ਰੂਹ ਫੂਕ ਗਿਆ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੌਰ ਸਮੇਂ ਉਨ੍ਹਾਂ ਦਾ ਇਸ ਖਿਤੇ ਨਾਲ ਬੜਾ ਗੂੜ੍ਹਾ ਨਾਤਾ ਤੇ ਪਿਆਰ ਪੈ ਗਿਆ। ਸਤਲੁਜ ਦਰਿਆ ਤੇ ਸ਼ਵਾਲਕ ਦੀਆਂ ਪਹਾੜੀਆਂ ਤੋਂ ਲੈ ਕੇ ਜਮਨਾ ਤੀਕ ਸਾਰਾ ਇਲਾਕਾ ਕਲਗੀਧਰ ਪਾਤਸ਼ਾਹ ਦੇ ਚੋਜਾਂ ਤੇ ਸੂਰਬੀਰਤਾ ਦੇ ਜਲਵੇ ਤਕਦਾ ਰਿਹਾ। ਏਸੇ ਖਿਤੇ ਵਿਚ ਉਨ੍ਹਾਂ ਨੇ ਪਹਾੜੀ ਰਾਜਿਆਂ ਅਤੇ ਸਰਹੰਦ ਤੇ ਦਿਲੀ ਦੀਆਂ ਸ਼ਾਹੀ ਫੌਜਾਂ ਨਾਲ ਯੁਧ ਕੀਤੇ। ਏਥੇ ਹੀ ਸਾਹਿਬਜ਼ਾਦਿਆਂ ਦੀਆਂ ਬੇਨਜ਼ੀਰ ਕੁਰਬਾਨੀਆਂ ਹੋਈਆਂ। ਦੁਸ਼ਮਣ ਦੀਆਂ ਫੌਜਾਂ ਨੇ ਵੀ ਲੋਕਾਂ ਨੂੰ ਹੀਣੇ ਤੇ ਭੈਭੀਤ ਕਰਨ ਵਿਚ ਕਸਰ ਨਹੀਂ ਛਡੀ। ਫੇਰ ਏਥੇ ਹੀ ਕੁਝ ਦੇਰ ਬਾਅਦ ਬਾਬਾ ਬੰਦਾ ਸਿੰਘ ਜੀ ਬਹਾਦਰ, ਖਾਲਸੇ ਦੇ ਪਹਿਲੇ ਜਰਨੈਲ, ਨੇ ਸਿੰਘ ਗਰਜਣਾ ਨਾਲ ਵਜ਼ੀਰ ਖਾਨ ਸੂਬਾ ਸਰਹੰਦ ਨੂੰ ਆਣ ਲਲਕਾਰਿਆ। ਸਭ ਜਰਵਾਣੇ ਤੇਗ ਦੀ ਧਾਰ ਤੋਂ ਨਘਾ ਛਡੇ। ਸਮਾਣਾ, ਸਢੌਰਾ ਆਦਿ ਮਲੀਆਮੇਟ ਕਰ ਦਿਤੇ। ਵਜ਼ੀਰ ਖ਼ਾਂ ਚੱਪੜ-ਚਿੜੀ ਵਿਚ ਰੋਲ ਕੇ ਮਾਰਿਆ।



www.AKJ.Org

ਸਰਹੰਦ ਰਾਜ ਦੀਆਂ ਜੜ੍ਹਾਂ ਪੁਟ ਸੁਟੀਆਂ। ਬਾਬਾ ਜੀ ਨੇ ੫੫ ਸਾਲ ਪਹਿਲਾਂ ਸਵਤੰਤਰਤਾ ਦੀ ਜੋਤਿ ਜਗਾਈ ਸੀ। ਕੁਲ ੧੧ ਕੁ ਮਹੀਨਿਆਂ ਦੇ ਰਾਜ ਵਿਚ ਉਹ ਕੰਮ ਕਰ ਵਿਖਾਏ ਜੋ ਹਕੂਮਤਾਂ ਸਦੀਆਂ ਵਿਚ ਨਹੀਂ ਸੀ ਕਰ ਸਕਦੀਆਂ। ਸਢੌਰੇ ਦੇ ਲਾਗੇ ਲੋਹਗੜ੍ਹ ਵਿਚ ਉਨ੍ਹਾਂ ਆਪਣਾ ਇਕ ਮਜ਼ਬੂਤ ਕਿਲ੍ਹਾ ਬਣਾਇਆ। ਉਸ ਦੀਆਂ ਹੇਠ ਉਤੇ ਅਨੇਕਾਂ ਜਿੱਤਾਂ ਨੇ ਕੱਲ ਦਿਆਂ ਜਾਬਰਾਂ ਤੇ ਆਮ ਲੋਕਾਂ ਵਿਚ ਉਸ ਦਾ ਐਸਾ ਭੈ ਤੇ ਦਬਦਬਾ ਬਣਾਇਆ ਕਿ ਜੇ ਕਦੀ ਉਸ ਦੀ ਫੌਜ ਚੋਂ ਕੋਈ ਮਾਮੂਲੀ ਤੋਂ ਮਾਮੂਲੀ ਸੇਵਾਦਾਰ ਜਾਂ ਝਾੜੂ-ਬਰਦਾਰ ਵੀ ਪਿੰਡ ਵਿਚ ਭਾਵੇਂ ਸੁਤੇ ਸਿਧ ਮਿਲਣ ਈ ਆਉਂਦਾ, ਲੋਕ ਬੜੇ ਆਦਰ ਮਾਣ ਨਾਲ ਉਠ ਕੇ ਰਾਜਿਆਂ ਮਹਾਰਾਜਿਆਂ ਵਾਂਗ ਉਸ ਦਾ ਸਵਾਗਤ ਕਰਦੇ।

ਬਸ ਇਹੋ ਹੀ ਕਾਰਨ ਸਨ ਕਿ ਸਿੰਘ ਏਸੇ ਤਰ੍ਹਾਂ ਏਨੇ ਥੋੜੇ ਸਮੇਂ ਵਿਚ ਸਾਰੇ ਇਲਾਕੇ ਵਿਚ ਪਸਰ ਗਏ ਤੇ ਏਨੇ ਸਹਿਲੇ ਸਾਰੇ ਇਲਾਕੇ ਨੂੰ ਆਪਣੇ ਕਾਬੂ ਵਿਚ ਕਰ ਲਿਆ। ਖਾਲਸਾ ਜੀ ਦੀ ਤਾਕਤ ਏਨੀ ਜਲਦੀ ਨਾਲ ਵਧੀ ਕਿ ਸਰਹੰਦ ਦੀ ਫ਼ਤਿਹ ਤੋਂ ਇਕ ਮਹੀਨਾ ਪਿਛੋਂ ਹੀ ਜਮਨਾ ਟਪ ਕੇ ਸਹਾਰਨਪੁਰ ਦਾ ਇਲਾਕਾ ਜਾ ਨਿਵਾਇਆ। ਤੇ ਫਿਰ ਸਾਰਾ ਗੰਗ-ਦੁਆਬ ਹੀ ਗਾਹ ਮਾਰਿਆ।

ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਪਹਿਲੀ ਜਿਤ ਤੋਂ ੫੫ ਸਾਲ ਬਾਅਦ ਖਾਲਸਾ ਜੀ ਨੇ ਸ: ਜਸਾ ਸਿੰਘ ਆਹਲੂਵਾਲੀਏ ਦੀ ਸੁਚੱਜੀ ਅਗਵਾਈ ਥਲੇ ਆਜ਼ਾਦੀ ਦੀ ਸ਼ਮ੍ਹਾ ਨੂੰ, ਜਿਸਨੂੰ ਬਾਬਾ ਜੀ ਨੇ ਜਗਾਇਆ ਸੀ ਮੁੜ ਜੋਬਨ ਤੇ ਲੈ ਆਂਦਾ। ਪੰਜਾਬ ਦੇ ਇਸ ਹਿੱਸੇ ਨੂੰ, ਜਿਸ ਨੂੰ ਮਾਲਵੇ ਦਾ ਇਲਾਕਾ ਕਿਹਾ ਜਾਂਦਾ ਹੈ, ਦੁਰਾਨੀਆਂ ਦੇ ਸ਼ਕੰਜੇ ਵਿਚੋਂ ਸਦਾ ਲਈ ਕੱਢ ਕੇ ਸਮੁਚੇ ਭਾਰਤ ਦੀ ਆਜ਼ਾਦੀ ਦਾ ਪੱਕਾ ਮੁੱਢ ਬੰਨ੍ਹ ਦਿਤਾ।

ਇਸ ਵੇਲੇ ਖਾਲਸੇ ਪੰਥ ਨੇ ਜਿਥੇ ਜਿਥੇ ਮੋਰਾਂ ਜਮਾ ਕੇ ਪੱਕੇ ਕਬਜ਼ੇ ਕੀਤੇ ਸਨ, ਉਨ੍ਹਾਂ ਦਾ ਮਿਸਲਵਾਰ ਮੋਟਾ ਮੋਟਾ ਵੇਰਵਾ ਜਲੰਧਰ, ਲੁਧਿਆਣਾ, ਅੰਬਾਲਾ, ਫਿਰੋਜ਼ਪੁਰ ਅਤੇ ਕਰਨਾਲ ਦੀਆਂ ਪਹਿਲੇ ਬੰਦੋਬਸਤ ਦੀਆਂ ਰਿਪੋਰਟਾਂ ਵਿਚ ਦਿਤਾ ਹੋਇਆ ਹੈ। ਇਨ੍ਹਾਂ ਤੋਂ ਬਿਨਾਂ ਹੋਰ ਵੀ ਕਈ ਭਰੋਸੇ ਯੋਗ ਲਿਖਾਰੀ ਹਨ ਜਿਨ੍ਹਾਂ ਰਤਾ ਵੇਰਵੇ ਨਾਲ ਇਨ੍ਹਾਂ ਕਬਜ਼ਿਆਂ ਦੀ ਰੂਪ-ਰੇਖਾ ਨੂੰ ਆਪਣੀਆਂ ਪੁਸਤਕਾਂ ਵਿਚ ਅੰਕਤ ਕੀਤਾ ਹੈ।

## *ਸਰਹੰਦ ਤੇ ਉਸ ਦੇ ਇਲਾਕੇ ਦੀ ਮਿਸਲਵਾਰ ਵੰਡ–*

ਜਿਵੇਂ ਪਹਿਲਾਂ ਵੀ ਇਸ਼ਾਰਾ ਕੀਤਾ ਗਿਆ ਹੈ ਕਿ ਸਰਹੰਦ ਦੀ ਵੰਡ ਵਿਚ ਜਿਨ੍ਹਾਂ ਅੱਠਾਂ ਮਿਸਲਾਂ ਨੇ ਹਿਸਾ ਲਿਆ ਉਹ ਇਹ ਹਨ--ਆਹਲੂਵਾਲੀਆ, ਭੰਗੀ, ਡੱਲੇਵਾਲੀਆ, ਕਰੋੜਾ ਸਿੰਘੀਆ, ਨਿਸ਼ਾਨ ਵਾਲੀਆ, ਸਿੰਘਪੁਰੀਆ,ਸ਼ਹੀਦ, ਫੂਲਕੀਆਂ। ਬਾਕੀ ਦੀਆਂ ਚਾਰ ਮਿਸਲਾਂ ਨੇ, ਜਿਨ੍ਹਾਂ ਸਰਹੰਦ ਦੇ ਇਲਾਕੇ ਵਿਚ ਮੋਰਾਂ ਨਹੀਂ ਸੀ ਮੱਲੀਆਂ, ਸਿਰਫ ਲੁਟ ਚੋਂ ਹੀ ਹਿਸਾ ਲਿਆ ਸੀ। ਉਹ ਸਨ ਸ਼ੁਕਰਚੱਕੀਆ, ਨਕਈ, ਕਨ੍ਹਈਆ ਤੇ ਰਾਮਗੜ੍ਹੀਆ। ਇਨ੍ਹਾਂ ਦੀ ਬਾਜ਼ ਵਾਲੀ ਨਜ਼ਰ ਜਲੰਧਰ ਦੁਆਬ, ਬਾਰੀ ਦੁਆਬ, ਰਚਨਾ ਦੁਆਬ, ਚੱਜ ਜਾਂ ਚੰਬਾ ਦੁਆਬ ਅਤੇ ਸਿੰਧ ਸਾਗਰ ਦੁਆਬ ਦੇ ਇਲਾਕਿਆਂ ਤੇ ਰਹੀ। ਭੰਗੀ ਮਿਸਲ ਸਾਰੀਆਂ ਮਿਸਲਾਂ ਤੋਂ ਵੱਡੀ ਤੇ ਤਕੜੀ ਸੀ। ਇਸ ਇਕੱਲੀ ਵਿਚ ਬਾਕੀ ਸਾਰੀਆਂ ਬਾਰ੍ਹਾਂ ਮਿਸਲਾਂ ਜਿੰਨੇ ਉਘੇ ਉਘੇ ਸਰਦਾਰ ਸਨ। ਇਹੋ ਕਾਰਨ ਸੀ ਕਿ ਭੰਗੀ ਮਿਸਲ ਦਿਆਂ ਸਰਦਾਰਾਂ ਨੇ ਦੇਸ ਦਿਆਂ ਸਾਰਿਆਂ ਹੀ ਹਿਸਿਆਂ ਵਿਚ ਆਪਣੀਆਂ ਮੋਰਾਂ ਜਮਾਉਣ ਦੇ ਜਤਨ ਕੀਤੇ ਤੇ ਨਿਰਸੰਦੇਹ ਇਸ ਵਿਚ ਉਹ ਸਫਲ ਰਹੇ।

## (੧) ਸ਼ਹਿਰ ਸਰਹੰਦ ਤੇ ਉਸ ਦਾ ਉਦਾਲਾ ਭਾਈ ਬੁੱਢਾ ਸਿੰਘ ਜੀ ਨੂੰ–

੬੦ ਸਾਲ ਪਹਿਲਾਂ ਵਜ਼ੀਰ ਖ਼ਾਨ ਸੂਬੇਦਾਰ ਸਰਹੰਦ ਨੇ ਤੁਅਸਬ ਵਿਚ ਅੰਨ੍ਹੇ ਹੋ ਕੇ ਮਾਸੂਮ ਛੋਟੇ ਸਾਹਿਬਜ਼ਾਦਿਆਂ ਨੂੰ ਬਿਨਾਂ ਕਿਸੇ ਵਜ੍ਹਾ ਤੋਂ ਕੰਧ ਵਿਚ ਚਿਣਾ ਕੇ, ਅਕਹਿ ਤਸੀਹੇ ਦੇ ਕੇ ਫਿਰ ਜ਼ਿਬਹ ਕਰਾ ਕੇ ਸ਼ਹੀਦ ਕਰ ਦਿਤਾ ਸੀ। ਇਸ ਘੋਰ ਅਤਿਆਚਾਰ ਨੇ ਸਿਖਾਂ ਦੇ ਸੀਨੇ ਸੱਲ ਛੱਡੇ ਸਨ। ਤਦੋਂ ਤੋਂ ਹੀ ਸ਼ਹਿਰ ਸਰਹੰਦ ਪ੍ਰਤੀ ਸਿੰਘਾਂ ਦੇ ਦਿਲਾਂ ਵਿਚ ਸੁਭਾਵਕ ਤੌਰ ਤੇ ਹੀ ਬੜੀ ਭਾਰੀ ਘਿਰਣਾ ਚਲੀ ਆ ਰਹੀ ਸੀ। ਉਹ ਇਸ ਨੂੰ ਭ੍ਰਿਸ਼ਟਿਆ ਤੇ ਮਹਾਂ ਪਾਪ ਦਾ ਗੜ੍ਹ ਸਮਝਦੇ

www.AKJ.Org

ਸਨ। ਇਸ ਨੂੰ ਸਰਾਪਿਆ ਤੇ ਮੰਦ ਭਾਗਾ ਸ਼ਹਿਰ ਸਮਝ ਕੇ ਇਸ ਦਾ ਨਾਉਂ ਲੈਣਾ ਵੀ ਪਾਪ ਸਮਝਦੇ ਸਨ। ਏਸੇ ਲਈ ਗੱਲ ਕੱਥ ਵਿਚ ਇਸ ਨੂੰ "ਗੁਰੂ ਮਾਰੀ" ਕਹਿ ਕੇ ਯਾਦ ਕਰਿਆ ਕਰਦੇ ਸਨ। ਇਸ ਦਾ ਨਾਉਂ ਸੁਣਦਿਆਂ ਹੀ ਸਿੰਘਾਂ ਦਿਆਂ ਸੀਨਿਆਂ ਵਿਚ ਕ੍ਰੋਧ ਦੇ ਭਾਂਬੜ ਮਚਣ ਲੱਗ ਪੈਂਦੇ ਸਨ। ਏਥੋਂ ਤੀਕ ਕਿ ਕੋਈ ਸਿੰਘ ਰਾਤ ਨੂੰ ਸਰਹੰਦ ਦੀ ਹਦ ਅੰਦਰ ਵੀ ਨਾ ਰਹਿੰਦਾ। ਸਾਰੇ ਖਾਲਸਾ ਦਲ ਨੇ ਸ਼ਹਿਰੋਂ ਬਾਹਰ ਹੀ ਡੇਰੇ ਲਾਏ ਹੋਏ ਸਨ। ਇਸ ਲਈ ਜਿੱਤੇ ਹੋਏ ਦੇਸ਼ ਦੀ ਵੰਡ ਵੇਲੇ ਕੋਈ ਵੀ ਇਸ ਨੂੰ ਲੈਣ ਨੂੰ ਤਿਆਰ ਨਹੀਂ ਸੀ। ਹੁਣ ਮੌਕਿਆ ਐਸਾ ਸੀ ਕਿ ਇਸ ਨੂੰ ਜਿੱਤ ਕੇ ਐਵੇਂ ਸੁੰਞਾ ਵੀ ਨਹੀਂ ਸੀ ਛਡਿਆ ਜਾ ਸਕਦਾ। ਇਸ ਦਾ ਹਲ ਕਰਨ ਲਈ ਸ: ਜੱਸਾ ਸਿੰਘ ਆਹਲੂਵਾਲੀਏ ਨੇ ਮੁਖੀ ਸਰਦਾਰਾਂ ਨਾਲ ਸਲਾਹ ਕਰ ਕੇ ਮਤਾ ਪਾਸ ਕੀਤਾ ਕਿ ਸਰਹੰਦ ਦਾ ਉਹ ਹਿਸਾ, ਜਿਹੜਾ ਉਜਾੜਿਆ ਨਹੀਂ ਸੀ ਗਿਆ, ਉਸ ਦੀ ਵਸੋਂ ਨੂੰ ਸੱਦ ਕੇ ਪੁਛਿਆ ਜਾਵੇ ਤੇ ਜਿਸ ਦਾ ਉਹ ਪੱਲਾ ਫੜ ਲੈਣ, ਉਸ ਦੇ ਨਾਉਂ ਇਹ ਗੁਰੂ ਪੰਥ ਵਲੋਂ ਅਰਦਾਸ ਕਰ ਦਿਤੀ ਜਾਵੇ। ਇਸ ਤਰ੍ਹਾਂ ਇਹ ਗੁਰੂ ਪੰਥ ਵਲੋਂ ਬਖਸ਼ਿਸ਼ ਹੋਵੇਗੀ ਤੇ ਇੰਜ ਕਬਜ਼ਾ ਕਰ ਲੈਣ ਵਾਲੇ ਨੂੰ ਕੋਈ ਪਾਪ ਜਾਂ ਦੋਸ਼ ਨਹੀਂ ਲਗੇਗਾ। ਸ਼ਹਿਰ ਦੇ ਲੋਕ ਹਾਜ਼ਰ ਹੋਏ ਤਾਂ ਪੁਛਣ ਤੇ ਉਨ੍ਹਾਂ ਭਾਈ ਬੁਢਾ ਸਿੰਘ ਜੀ ਝੰਬੋਵਾਲ ਦਾ ਪੱਲਾ ਫੜ ਲਿਆ। ਇਹ ਵੇਖ ਕੇ ਸਾਰਾ ਦਲ ਬੜਾ ਖੁਸ਼ ਹੋਇਆ ਕਿਉਂਕਿ ਭਾਈਕੇ ਉਂਜ ਭੀ ਅਰਦਾਸ ਦੀ ਥਾਂ ਹੀ ਸੋ ਸਾਰੇ ਪੰਥ ਨੇ ਮਿਲ ਕੇ ਭਾਈ ਬੁਢਾ ਸਿੰਘ ਦੇ ਸਨ। ਨਾਮ ਸਰਹੰਦ ਸ਼ਹਿਰ ਦੀ ਅਰਦਾਸ ਕਰਾ ਦਿਤੀ।

**(੨) ਭਾਈ ਬੁਢਾ ਸਿੰਘ ਨੇ ਵੀ ਬਹੁਤੀ ਦੇਰ ਸਰਹੰਦ ਨੂੰ ਆਪਣੇ ਪਾਸ ਨਾ ਰਖਿਆ—**

ਅਰਦਾਸ ਤਾਂ ਹੋ ਗਈ, ਪਰ ਭਾਈ ਬੁਢਾ ਸਿੰਘ ਜੀ ਸਰਹੰਦ ਨੂੰ ਆਪਣੇ ਪਾਸ ਰਖ ਕੇ ਕੋਈ ਬਹੁਤ ਖੁਸ਼ ਨਹੀਂ ਸਨ। ਦੂਜੇ ਪਾਸੇ ਇਹ ਸਰਹੰਦ ਸ਼ਹਿਰ ਬਾਬਾ ਆਲਾ ਸਿੰਘ ਦੀ ਅੱਖ ਤਿਣ ਸੀ। ਅੰਦਰੋਂ ਉਹਦੀ ਖ਼ਾਹਿਸ਼ ਸੀ ਕਿ ਏਡਾ ਵਡਾ ਪੁਰਾਣਾ ਅਤੇ ਤਾਰੀਖੀ ਸ਼ਹਿਰ,—ਜੋ ਹੈ ਵੀ ਦਿਲੀ ਨੂੰ ਜਾਣ ਵਾਲੇ ਸ਼ਾਹਰਾਹ ਉਤੇ, ਤੇ ਨਾਲੇ ਉਸ ਦੀ ਨਵੀਂ ਬਣਨ ਵਾਲੀ ਰਾਜਧਾਨੀ ਪਟਿਆਲਾ ਦੇ ਨਜ਼ਦੀਕ,—ਉਸ ਦੇ ਕਬਜ਼ੇ ਵਿਚ ਆਉਣ ਨਾਲ ਉਸ (ਬਾਬਾ ਆਲਾ ਸਿੰਘ ਦੀ ਵਡਿਆਈ ਤੇ ਚੜ੍ਹਤ ਬਹੁਤ ਵਧ ਜਾਏਗੀ। ਉਂਜ ਬਾਬਾ ਆਲਾ ਸਿੰਘ ਜੀ ਤੇ ਭਾਈਕਿਆਂ ਦਾ ਮੁਢ ਤੋਂ ਹੀ ਬੜਾ ਮੇਲ ਪਿਆਰ ਰਿਹਾ ਹੈ। ਭਾਈਕਿਆਂ ਨੂੰ ਤਾਂ ਅਜੇ ਨਹੀਂ ਸੀ ਆਖਿਆ, ਪਰ ਉਨ੍ਹਾਂ ਦੀ ਕੁਝ ਪਿੰਡ ਦੇ ਕੇ ਸਰਹੰਦ ਸ਼ਹਿਰ ਲੈ ਲੈਣ ਦੀ ਮਰਜ਼ੀ ਦਾ ਮਾਈ ਫਤੋ ਜੀ (ਪ੍ਰਸਿਧ ਰਾਣੀ ਮਾਤਾ ਫਤਿਹ ਕੌਰ ਜੀ) ਨੂੰ ਪਤਾ ਲਗਾ ਤਾਂ ਉਨ੍ਹਾਂ ਮਹਾਰਾਜ ਨੂੰ ਇਸ ਗਲੋਂ ਵਰਜਿਆ ਕਿ ਇਕ ਤਾਂ ਉਹ ਪਾਪ ਦਾ ਗੜ੍ਹ ਤੇ ਸਰਾਪਿਆ ਸ਼ਹਿਰ ਹੈ, ਦੂਜਾ ਸਰਬੱਤ ਖਾਲਸਾ ਜੀ ਨੇ ਭਾਈਕਿਆਂ ਨੂੰ ਅਰਦਾਸ ਕੀਤਾ ਹੈ, ਜੇ ਇਸ ਨੂੰ ਲਿਆ ਤਾਂ ਸਾਰਾ ਖਾਲਸਾ ਪੰਥ ਉਂਗਲੀ ਕਰਨ ਲੱਗ ਜਾਏਗਾ। ਇਸ ਕਰਕੇ ਕੁਝ ਚਿਰ ਲਈ ਮਹਾਰਾਜਾ ਜੀ ਨੇ ਇਸ ਖਿਆਲ ਨੂੰ ਛੱਡ ਦਿਤਾ। ਪਰ ਮਹਾਰਾਜਾ ਆਲਾ ਸਿੰਘ ਮੁਕੰਮਲ ਤੌਰ ਤੇ ਇਸ ਖਿਆਲ ਤੋਂ ਛੁਟਕਾਰਾ ਨਹੀਂ ਪਾ ਸਕੇ। ਕੁਝ ਸਮੇਂ ਪਿਛੋਂ ਸ: ਗੁਰਬਖਸ਼ ਸਿੰਘ, ਜੋ ਨਵਾਬ ਕਪੂਰ ਸਿੰਘ ਦਾ ਭਤੀਜਾ ਸੀ, ਦੇ ਰਾਹੀਂ ਗਲ ਬਾਤ ਤੋਰ ਕੇ ਭਾਈ ਬੁਢਾ ਸਿੰਘ ਜੀ ਨੂੰ ਮੰਨਾ ਲਿਆ। ਭਾਈ ਜੀ ਨੇ ਆਦਮਪੁਰ ਦੇ ਨਾਲ ਸਤ ਪਿੰਡ ਲੈ ਕੇ ਸਰਹੰਦ ਦਾ ਪਰਬੰਧ ਆਲਾ ਸਿੰਘ ਜੀ ਨੂੰ ੨੨ ਸਾਵਨ ਸੰਮਤ ੧੮੨੧ ਬਿ: [੨ ਅਗਸਤ ਸੰਨ ੧੭੬੪] ਦੇ ਦਿਤਾ। ਮਹਾਰਾਜਾ ਆਲਾ ਸਿੰਘ ਨੇ ੨੫੦੦੦ ਨਕਦ ਕੜਾਹ ਪ੍ਰਸ਼ਾਦ ਲਈ ਖਾਲਸਾ ਜੀ ਨੂੰ ਭੇਟ ਕੀਤਾ।*

* ਸ: ਰਤਨ ਸਿੰਘ ਭੰਗੂ — ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ ੫੦੬-੫੦੭; ਮੁਕੱਦਮਾ-ਏ-ਚਹਾਰ ਮੀਆਂ ਪੰਨਾ ਸੀ- ੪-੮, ੧੯, ੨੦; ਕਨਿੰਘਮ—ਹਿਸਟ੍ਰੀ ਆਫ਼ ਦੀ ਸਿਖਸ (੧੮੪੯) ਪੰਨਾ ੧੧੦; ਕਨ੍ਹਈਆ ਲਾਲ — ਤਾਰੀਖ਼ੇ ਪੰਜਾਬ ਪੰਨਾ ੮੬; ਹਿਸਟ੍ਰੀ ਆਫ਼ ਦੀ ਸਿਖਸ (ਲੰਡਨ ੧੮੪੬) I ਪੰਨਾ ੨੨੧; ਡਾ: ਹਰੀ ਰਾਮ ਗੁਪਤਾ ਹਿਸਟ੍ਰੀ ਆਫ਼ ਦੀ ਸਿਖਸ ਭਾਗ 11 ਪੰਨਾ ੨੦੫; ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ ਪੰਨਾ ੨੯੩, ਸ: ਜੱਸਾ ਸਿੰਘ ਆਹਲੂਵਾਲੀਆ ਪੰਨਾ ੧੪੩; ਡਾ: ਗੋਕਲ ਚੰਦ ਨਾਰੰਗ—ਟ੍ਰਾਂਸਫਾਰਮੇਸ਼ਨ ਆਫ਼ ਸਿਖਇਜ਼ਮ, ਪੰਨਾ ੧੪੧

www.AKJ.Org

ਦੋ ਵਰ੍ਹਿਆਂ ਪਿਛੋਂ ਮਹਾਰਾਜਾ ਅਮਰ ਸਿੰਘ ਨੇ ਟੋਡਪੁਰ ਆਦਿ ਦੇ ਪਿੰਡ ਨਾਲ ਮਿਲਾ ਕੇ ਕੁਲ ਬਾਰ੍ਹਾਂ ਪਿੰਡ ਭਾਈ ਬੁਢਾ ਸਿੰਘ ਜੀ ਨੂੰ ਦੇ ਦਿਤੇ ਤੇ ਸਰਹੰਦ ਨੂੰ ਪੱਕੇ ਤੌਰ ਤੇ ਹੀ ਲੈ ਲਿਆ।‡

ਭਾਈ ਬੁਢਾ ਸਿੰਘ ਜੀ ਨੇ ਇਸ ਤੋਂ ਬਿਨਾਂ ਹੋਰ ੨੮ ਪਿੰਡ ਅਬੋਹਰ ਦੇ ਇਲਾਕੇ ਵਿਚ ਜਾ ਮੱਲੇ। ਜੋ ਅਜੇ ਤਕ ਉਸ ਦੀ ਔਲਾਦ ਦੇ ਕਬਜ਼ੇ ਵਿਚ ਚਲੇ ਆਏ ਹਨ।†

**ਸਰਹੰਦੋਂ ਉਜੜੇ ਪਟਿਆਲੇ ਵਸਾਏ :–**

ਸਰਹੰਦ ਦੇ ਉਜਾੜੇ ਵੇਲੇ ਬਾਬਾ ਆਲਾ ਸਿੰਘ ਨੇ ਬੜੀ ਦਰਿਆ-ਦਿਲੀ ਵਿਖਾਈ । ਸਰਹੰਦੋਂ ਉਜੜੇ ਲੋਕਾਂ ਨੂੰ ਬੜੀ ਉਦਾਰਤਾ ਨਾਲ ਪਟਿਆਲੇ ਆਉਣ ਲਈ ਤੇ ਵਸਾਉਣ ਲਈ ਪ੍ਰੇਰਨਾ ਕੀਤੀ। ਕਿਲ੍ਹੇ ਦੇ ਚੜ੍ਹਦੇ ਪਾਸੇ ਵੱਸਣ ਲਈ ਬੜੀ ਖੁਲ੍ਹੀ ਥਾਂ ਦਿਤੀ। ਉਨ੍ਹਾਂ ਦਾ ਸਾਮਾਨ ਆਦਿ ਲਿਆਉਣ ਲਈ ਗੱਡੇ ਤੇ ਊਠ ਦਿਤੇ ਗਏ । ਉਨ੍ਹਾਂ ਦੇ ਖਾਣ ਪੀਣ ਲਈ ਪਰਬੰਧ ਕੀਤਾ ਅਤੇ ਗੁਰੂ ਕਾ ਲੰਗਰ ਲਾ ਦਿਤਾ। ਗੁਰੂ ਕੇ ਲੰਗਰ ਦੀ ਦੇਖ-ਭਾਲ ਬਾਬਾ ਜੀ ਦੀ ਉਦਾਰਚਿਤ ਰਾਣੀ ਮਾਈ ਫਤਿਹ ਕੌਰ–ਪ੍ਰਸਿਧ ਮਾਈ ਫੱਤੋ–ਆਪ ਕਰਦੀ ਸੀ । ਇੰਜ ਵਸਾਏ ਗਏ ਲੋਕਾਂ ਦੀ ਆਬਾਦੀ ਸਰਹੰਦੀ ਮਹੱਲਾ ਅਖਵਾਉਣ ਲੱਗੀ ਤੇ ਅੱਜ ਤੱਕ ਏਸੇ ਨਾਉਂ ਨਾਲ ਮਸ਼ਹੂਰ ਹੈ। ਇਸ ਆਬਾਦੀ ਦੇ ਨਾਲ ਲਗਵਾਂ ਬਜ਼ਾਰ ਸਰਹੰਦੀ ਬਜ਼ਾਰ ਅਖਵਾਉਂਦਾ ਹੈ। ਜੋ ਵਸਨੀਕ ਪਟਿਆਲੇ ਦੀ ਬਜਾਏ ਹੋਰਨਾਂ ਸ਼ਹਿਰਾਂ ਵਿਚ ਗਏ, ਓਥੇ ਵੀ ਉਹਨਾਂ ਆਪਣੇ ਆਪ ਨੂੰ ਸਰਹੰਦੀ ਹੀ ਅਖਵਾਇਆ। ਮਹੱਲਿਆਂ ਤੇ ਦਰਵਾਜ਼ਿਆਂ ਦਾ ਨਾਉਂ ਵੀ ਇੰਜ ਹੀ ਪਿਆ । ਪਾਕਿਸਤਾਨ ਦੀ ਵੰਡ ਤੋਂ ਪਹਿਲਾਂ ਸਰਹੰਦੀ ਨਾਉਂ ਵਾਲੇ ਅਨੇਕਾਂ ਖਾਨਦਾਨ, ਕਰਨਾਲ, ਪਾਨੀਪਤ, ਦਿਲੀ, ਅੰਬਾਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ ਤੇ ਲਾਹੌਰ ਵਿਚ ਆਬਾਦ ਸਨ।

ਬਾਬਾ ਆਲਾ ਸਿੰਘ ਨੇ ਬੜੀ ਦੂਰ-ਅੰਦੇਸ਼ੀ ਨਾਲ ਸਰਹੰਦ ਸ਼ਹਿਰ ਲੈ ਲਿਆ ਸੀ। ਸਿੰਘਾਂ ਦੀ ਵਧਦੀ ਤਾਕਤ ਨੇ ਇਹ ਪੱਕੀ ਤਰ੍ਹਾਂ ਸਿਧ ਕਰ ਦਿਤਾ ਸੀ ਕਿ ਦਿਲੀ ਦੀ ਹਕੂਮਤ ਜਾਂ ਕਾਬਲੀ ਭਾਵੇਂ ਕਿੰਨਾ ਵੀ ਜ਼ੋਰ ਕਿਉਂ ਨਾ ਮਾਰਨ, ਸਿੰਘਾਂ ਦੀ ਤਾਕਤ ਨੂੰ ਠੱਲ੍ਹ ਪਾ ਸਕਣਾ ਉਨ੍ਹਾਂ ਦੇ ਵਸ ਤੋਂ ਬਾਹਰ ਸੀ। ਏਸੇ ਲਈ ਬਾਬਾ ਆਲਾ ਸਿੰਘ ਨੇ ਬਰਨਾਲੇ ਤੇ ਦਿੜਿਆਂ ਨੂੰ ਛੱਡ ਕੇ ਪਟਿਆਲੇ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਪਟਿਆਲਾ ਉਂਜ ਵੀ ਬੜਾ ਸਰੀਂ ਇਲਾਕਾ ਸੀ। ਖੂਹਾਂ ਤੇ ਖੇਤੀ ਕਾਰਨ ਬੜੀ ਆਮਦਨ ਸੀ। ਦੂਸਰਾ ਸਿੰਘਾਂ ਨਾਲ ਹਦ ਲਗਣ ਕਾਰਨ ਕਈ ਕਿਸਮ ਦੀ ਸਹਾਇਤਾ ਮਿਲ ਸਕਦੀ ਸੀ। ਇਸ ਲਈ ਉਹ ਪਟਿਆਲੇ ਨੂੰ ਸਰਹੰਦ ਵਰਗਾ ਵਿਸ਼ਾਲ, ਸੁਹਣਾ ਤੇ ਉੱਨਤ ਸ਼ਹਿਰ ਬਣਾਉਣਾ ਚਾਹੁੰਦੇ ਸਨ। ਸੋ ਐਸੀਆਂ ਕਈ ਗੱਲਾਂ ਕਾਰਨ ਸਰਹੰਦ ਮਾਰਨ ਤੋਂ ਪੂਰੇ ਇਕ ਮਹੀਨੇ ਮਗਰੋਂ ਮਾਘ ਸੁਦੀ ੧੦ ਸੰਮਤ ੧੮੨੦ ਬਿ:, ੪ ਫਗਣ ਸੰਮਤ ੧੮੨੦ ਬਿ:, ਫਰਵਰੀ ੧੨ ਸੰਨ ੧੭੬੪ ਈ: ਐਤਵਾਰ ਵਾਲੇ ਦਿਨ ਬਾਬਾ ਆਲਾ ਸਿੰਘ ਨੇ ਪਟਿਆਲ ਦੇ ਪੱਕੇ ਤੇ ਮਜ਼ਬੂਤ ਕਿਲ੍ਹੇ ਦੀ ਬੁਨਿਆਦ ਰਖ ਦਿਤੀ। ਸ਼ਾਹੀ ਸੜਕ ਬਾਬਾ ਜੀ ਦੇ ਕਬਜ਼ੇ ਵਿਚ ਸੀ, ਇਸ ਲਈ ਸੜਕ ਦੀ ਜਗਾਤ (ਚੁੰਗੀ) ਨਾਲ ਕਿਲ੍ਹੇ ਨੂੰ ਬੜੀ ਤੇਜ਼ੀ ਨਾਲ ਆਪਣੀ ਨਿਗਰਾਨੀ ਥਲੇ ਬਣਾਉਣਾ ਤੇ ਸ਼ਹਿਰ ਨੂੰ ਵਸਾਉਣਾ ਸ਼ੁਰੂ ਕਰ ਦਿਤਾ।*

ਨੋਟ–ਜਗਾਤ ਮੁਲਕ ਵਿਚੋਂ ਦੀ ਲੰਘਣ ਵਾਲੇ ਮਾਲ ਤੇ ਵਸੂਲ ਕੀਤਾ ਜਾਣ ਵਾਲਾ ਕਰ ਸੀ। ਅੱਜ ਕੱਲ੍ਹ ਦੀ ਕਸਟਮ ਡਿਊਟੀ । ਇਸ ਨੂੰ ਮੁਲਕੀ ਚੁੰਗੀ ਵੀ ਕਿਹਾ ਜਾ ਸਕਦੈ । ਸਿੰਘਾਂ ਨੇ ਜਦ ਸਰਹੰਦ ਦਾ ਇਲਾਕਾ ਮਾਰ ਲਿਆ ਅਤੇ ਥਾਉਂ ਥਾਈਂ ਵੰਡ ਲਿਆ ਤਾਂ ਇਨ੍ਹਾਂ ਵੀ ਜਗਾਤ ਉਗਰਾਹੁਣੀ ਸ਼ੁਰੂ ਕਰ ਦਿਤੀ । ਦਿਲੀ ਤੋਂ ਜੋ ਮਾਲ ਲਾਹੌਰ ਜਾਂ ਕਾਬਲ ਕੰਧਾਰ ਨੂੰ ਜਾਂਦਾ ਸੀ ਜਾਂ ਕਾਬਲ ਕੰਧਾਰੋਂ ਤੇ ਲਾਹੌਰੋਂ ਦਿਲੀ ਵਲ ਨੂੰ ਜਾਂਦਾ ਸੀ, ਉਹ ਸਾਰਾ ਇਸੇ ਇਲਾਕੇ ਵਿਚੋਂ ਦੀ ਸਰਹੰਦ ਵਾਲੀ ਸ਼ਾਹੀ ਸੜਕ ਰਾਹੇ ਹੀ ਜਾਂਦਾ ਸੀ । ਜ਼ਦ

---

‡ ਮੁਕੱਦਮਾ ਚਹਾਰ ਮੀਆਂ, ਪੰਨਾ ਸੀ. ੭-੮, ੧੬, ੨੦

† ਅਲੀਉੱਦੀਨ, ੧੨੬ ਏ; ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼ ਸਫ਼ਾ ੫੦੬; ਸਰੂਪ ਲਾਲ—ਤਾਰੀਖ਼ੇ ਸਿਖਾਂ ਪੰਨਾ ੩-੪; ਸਰੂਪ ਲਾਲ—ਦਸਤੂਰ ਉਲਅਮਲ ਪੰਨਾ ੨੪੯, ੨੫੦. ੨੫੩; ਰਾਧਾ ਕ੍ਰਿਸ਼ਨ—ਗੋਸ਼ਾ-ਏ-ਪੰਜਾਬ (ਉਰਦੂ) ਪੰਨਾ ੧੮੬੧
ਚੀਫ਼ਸ ਐਂਡ ਫ਼ੈਮਲੀਜ਼ ਆਫ ਨੋਟ ੨੮੦-੨੧

* ਸ: ਕਰਮ ਸਿੰਘ ਹਿਸਟੋਰੀਅਨ—ਬਾਬਾ ਆਲਾ ਸਿੰਘ ਨਵਾਂ ਐਡੀਸ਼ਨ—ਪੰਨਾ ੧੬੨.

www.AKJ.Org

ਕੋਈ ਵਪਾਰੀ ਜਾਂ ਸੌਦਾਗਰ ਆਪਣਾ ਮਾਲ ਅਸਬਾਬ ਲੈ ਕੇ ਕਿਸੇ ਸਿੰਘ ਸਰਦਾਰ ਦੇ ਕਬਜ਼ੇ ਕੀਤੇ ਇਲਾਕੇ ਵਿਚ ਦਾਖ਼ਲ ਹੁੰਦਾ ਤਾਂ ਉਸ ਦੇ ਜਗਾਤੀਏ ਫ਼ੌਰਨ ਉਸ ਤੋਂ ਜਗਾਤ ਵਸੂਲ ਕਰ ਲੈਂਦੇ। ਫਿਰ ਕੁਝ ਕੋਹ ਜਾਣ ਤੋਂ ਬਾਅਦ ਕਿਸੇ ਹੋਰ ਸਰਦਾਰ ਦਾ ਇਲਾਕਾ ਸ਼ੁਰੂ ਹੋ ਜਾਂਦਾ। ਇਸ ਵਿਚ ਦਾਖਲ ਹੋਣ ਲਗਿਆਂ ਫਿਰ ਜਗਾਤ ਦੇਣੀ ਪੈਂਦੀ। ਉਸ ਦਾ ਇਲਾਕਾ ਮੁਕਦਾ ਤਾਂ ਉਸ ਤੋਂ ਅਗਲੇ ਦੇ ਜਗਾਤੀਏ ਆਣ ਜਗਾਤ ਮੰਗਦੇ। ਇਸ ਤਰ੍ਹਾਂ ਦਿਲੀ ਤੇ ਲਾਹੌਰ ਦੇ ਵਿਚਕਾਰ ਵਿਚਕਾਰ ਹੀ ਏਨੀ ਜਗਾਤ ਦੇਣੀ ਪੈਂਦੀ ਕਿ ਜਗਾਤ ਅਸਲ ਮੁਲ ਨਾਲੋਂ ਕਈ ਗੁਣਾ ਵਧ ਜਾਂਦੀ। ਪਰ ਚੂੰਕਿ ਇਸ ਤੋਂ ਬਿਨਾ ਹੋਰ ਦੂਸਰਾ ਰਾਹ ਵੀ ਕੋਈ ਨਹੀਂ ਸੀ, ਇਸ ਵਾਸਤੇ ਵਪਾਰੀਆਂ ਨੂੰ ਔਖਿਆਂ ਸੌਖਿਆਂ ਜਗਾਤ ਦੇ ਕੇ ਏਸੇ ਹੀ ਰਾਹੇ ਜਾਣਾ ਪੈਂਦਾ ਸੀ। ਇਸ ਕਰਕੇ ਜਿਹੜੇ ਸਰਦਾਰਾਂ ਦੇ ਇਲਾਕਿਆਂ ਵਿਚ ਦੀ ਇਹ ਸ਼ਾਹ-ਰਾਹ ਲੰਘਦੀ ਸੀ ਉਨ੍ਹਾਂ ਨੂੰ ਜਗਾਤ ਤੋਂ ਬਹੁਤ ਆਮਦਨ ਹੋ ਜਾਂਦੀ। ਇਹੋ ਕਾਰਨ ਸੀ ਕਿ ਹਰ ਇਕ ਸਿੰਘ ਸਰਦਾਰ ਪੂਰੀ ਤਾਕਤ ਨਾਲ ਸ਼ਾਹੀ ਸੜਕ ਦੇ ਆਸ ਪਾਸ ਇਲਾਕਾ ਮੱਲੀ ਬੈਠਾ ਸੀ।

—ਸਵਰਨ ਸਿੰਘ

ਜੀਂਦ ਤੇ ਸਫੀਦੋਂ ਦਾ ਚੌਗਿਰਦਾ ਤੱਟ ਫੱਟ ਰਾਜਾ ਰਾਜਪਤਿ ਸਿੰਘ ਨੇ ਜਾ ਮਲਿਆ। ਬਾਬਾ ਜੀ ਦੇ ਸਰਕਰਦੇ ਝੰਡੂ ਸਿੰਘ ਢਾਏ, ਗੁਰਦਾਸ ਸਿੰਘ ਸੇਖੋਂ, ਹਰੀ ਸਿੰਘ ਗੁਜਰ ਨੇ ਆਪਣੀ ਬਾਂਗਰ ਦੀ ਹੱਦ ਵਧਾ ਕੇ ਵਿਚਾਲੇ ਦੇ ਅੜਿਕੇ ਕੱਢ ਕੇ, ਰਾਜਪਤਿ ਸਿੰਘ ਦੀ ਹੱਦ ਨਾਲ ਜਾ ਮਿਲਾਈ। ਮੁਕੰਦ ਪਿੰਡ ਦੇ ਵਸਨੀਕ ਬਾਬਾ ਆਲਾ ਸਿੰਘ ਦੀ ਈਨ ਨਹੀਂ ਸਨ ਮੰਨਦੇ। ਇਨ੍ਹਾਂ ਸਰਕਰਦਿਆਂ ਇਸ ਪਿੰਡ ਉਤੇ ਛਾਪਾ ਮਾਰਿਆ, ਲੜਾਈ ਹੋਈ ਤੇ ਪਿੰਡ ਵਾਲਿਆਂ ਦੇ ੯ ਬੰਦੇ ਮਾਰੇ ਗਏ। ਫਸਾਦ ਦੀ ਜੜ੍ਹ ਲਾਲੂ ਤੇ ਕਲੀ ਰਾਮ ਨੂੰ ਕੈਦ ਕਰ ਲਿਆ। ਇਨ੍ਹਾਂ ਦੇ ਭਾਈ-ਭਰਾਵਾਂ ਆਪਣੇ ਆਪ ਹੀ ਈਨ ਮੰਨ ਲਈ। ਕਾਕੜੇਤ ਦੇ ਲੋਕੀਂ ਆਪਣੇ ਆਪ ਹੀ ਨਜ਼ਰਾਨੇ ਲੈ ਕੇ ਹਾਜ਼ਰ ਹੋ ਗਏ। ਏਸੇ ਤਰ੍ਹਾਂ ਬੜਾਇਨ, ਸੋਰਬਰਾਹ ਤੇ ਧਨੌਰੀ ਉਤੇ ਵੀ ਬਾਬਾ ਆਲਾ ਸਿੰਘ ਦਾ ਕਬਜ਼ਾ ਹੋ ਗਿਆ। ਇੰਜ ਸੌਧ-ਸੁਧਾਈ ਕਰ ਕੇ ਹੋਰ ਸਾਰੇ ਬਾਂਗਰ ਦੀ ਥਾਣੇ-ਦਾਰੀ ਤਾਂ ਗੁਰਦਾਸ ਸਿੰਘ ਦੀ ਰਹੀ, ਪਰ ਧਨੌਰੀ ਦੀ ਥਾਣੇਦਾਰੀ ਹਰੀ ਸਿੰਘ ਗੁਜਰ ਨੂੰ ਦਿਤੀ ਗਈ।‡

ਸਰਹੰਦ ਤੋਂ ਬਿਨਾ ਬਾੜਾ, ਰਾਜਪੁਰਾ, ਬਾਨੂੜ ਚਨਾਰ ਥਲ ਆਦਿਕ ਵੀ ਬਾਬਾ ਆਲਾ ਸਿੰਘ ਦੇ ਕਬਜ਼ੇ ਵਿਚ ਆ ਗਏ। ਅਮਲੋਹ, ਭਾਦਸੋਂ ਆਦਿਕ ਚੌਧਰੀ ਹਮੀਰ ਸਿੰਘ ਨੇ, ਹਠੂਰ ਬਿਘਾ ਸਿੰਘ ਨੇ, ਮਲੌਦ ਆਦਿ ਸ: ਮਾਨ ਸਿੰਘ ਨੇ, ਪਹੋਜ, ਮਗਰ ਬਹੂਨਾ, ਕੌਂਥਲ, ਖੜਿਆਲ, ਕੁਲਾਰ ਆਦਿਕ ਭਾਈ ਦੇਸੂ ਸਿੰਘ ਨੇ ਕਾਬੂ ਕਰ ਲਏ।

### (ੜ) ਨੌਧ ਸਿੰਘ ਨਿਸ਼ਾਨ ਵਾਲਾ—

ਚੂਨੀਆ ਸਿੰਘ ਅਜਨਾਲਾ ਜ਼ਿਲਾ ਅੰਮ੍ਰਿਤਸਰ ਦੇ ਰਹਿਣ ਵਾਲਾ ਸੀ। ਇਸ ਦੇ ਚਾਰ ਪੁਤਰ ਸਨ— ਇੰਦਰ ਸੈਨ, ਚੰਦਰ ਸੈਨ, ਭੀਮਾ ਸੈਨ ਤੇ ਮਸਤ ਸਿੰਘ। ਸ: ਇੰਦਰ ਸੈਨ ਨੇ ਇਕ ਬੜੀ ਸੁੰਦਰ ਇਸਤ੍ਰੀ ਮਾਈ ਧਰਮੋ ਨੂੰ ਚਾਦਰ-ਅੰਦਾਜ਼ੀ ਦੀ ਰਸਮ ਨਾਲ ਵਿਆਹ ਲਿਆ। ਮਾਈ ਧਰਮੋ ਦੇ ਪੇਟੋਂ ਨੌਧ ਸਿੰਘ ਦਾ ਜਨਮ ਹੋਇਆ। ਪਹਿਲਾਂ ਤਾਂ ਇਹ ਇਕ ਸਾਧਾਰਨ ਧਾੜਵੀ ਹੀ ਸੀ, ਪਰ ਫੇਰ ਇਸ ਨੇ ਆਪਣੀ ਤਾਕਤ ਨੂੰ ਚੰਗੂ ਵਧਾ ਸੁਆਰ ਲਿਆ। ਜ਼ੈਨ ਖ਼ਾਨ ਦੇ ਖਿਲਾਫ ਸਰਹੰਦ ਦੀ ਲੜਾਈ ਵਿਚ ਇਹ ਸ਼ਾਮਲ ਸੀ। ਲੜਾਈ ਵਿਚ ਇਸ ਨੂੰ ਗੋਲੀ ਨਾਲ ਤਕੜਾ ਜ਼ਖ਼ਮ ਲਗਾ। ਜ਼ਖ਼ਮੀ ਹੋਣ ਕਾਰਨ ਇਹ ਬਹੁਤੀ ਦੂਰ ਤਕ ਮੇਰ ਜਮਾ-ਉਣ ਨਾ ਜਾ ਸਕਿਆ। ਇਸ ਨੇ ਲਾਗੇ ਹੀ ਜ਼ਿਲਾ ਲੁਧਿਆਣੇ ਵਿਚ ਖੇੜੀ ਦਾ ਪਰਗਣਾ, ਜਿਸ ਤੋਂ ੨੫੦੦੦ ਦੀ ਵਾਰਸਿਕ ਆਮਦਨ ਸੀ, ਮੱਲ

‡ ਹਾਲਾਤ ਮੁਕੱਦਮਾ ਨਾਲੀ।



www.AKJ.Org

ਲਿਆ। ਇਹ ਏਥੇ ਹੀ ਇਕ ਛੋਟਾ ਜਿਹਾ ਕਿਲ੍ਹਾ ਬਣਾ ਕੇ ਰਹਿਣ ਲਗ ਗਿਆ।†

(੪) ਰਾਏ ਸਿੰਘ—

ਇਹ ਕੰਗ ਗੋਤ ਦਾ ਜੱਟ ਅੰਮ੍ਰਿਤਸਰ ਦੇ ਰਹਿਣ ਵਾਲਾ ਸੀ। ਇਸ ਨੇ ਜ਼ਿਲਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਦੇ ਖੰਨਾ ਸ਼ਹਿਰ ਦੀ ਦਖਣ-ਪੱਛਮ ਦੀ ਬਾਹੀ ੧੯ ਪਿੰਡ ਦਬਾ ਲਏ। ਧੀਰੂ ਮਾਜਰਾ ਤੇ ਝਾਬੂ ਮਾਜਰਾ ਦੀ ਜਗੀਰ ਅਜੇ ਤਕ ਇਸ ਦੀ ਔਲਾਦ ਦੇ ਪਾਸ ਚਲੀ ਆਉਂਦੀ ਹੈ।*

(ਚਲਦਾ)

† ਰਾਧਾ ਕਿਸ਼ਨ—ਗੋਸ਼ਾ-ਏ-ਪੰਜਾਬ (ਉਰਦੂ) ੨੪-੨੯

* ਚੀਫਸ ਐਂਡ ਫ਼ੈਮਲੀਜ਼ ਆਫ਼ ਨੋਟ ਪੰਨਾ ੨੫੭
ਲੁਧਿਆਣਾ ਗਜ਼ਟੀਅਰ ੧੮੮੮-੮੯ ਸਫਾ ੧੦੯

# ਹਵਾਈ ਜਹਾਜ਼ ਵਿਚ ਕਿਰਪਾਨ ਸਮੇਤ ਸਫ਼ਰ

'ਸੂਰਾ' ਪੱਤਰ ਅਕਤੂਬਰ ਵਿਚ ਇਹ ਖੁਸ਼ੀ ਭਰੀ ਖ਼ਬਰ ਦਿਤੀ ਗਈ ਸੀ ਕਿ ਯੂ. ਕੇ. ਵਿਚ ਵਸਦੇ ਅੰਮ੍ਰਿਤਧਾਰੀ ਸਿੰਘਾਂ ਦੇ ਕਾਫ਼ੀ ਸੰਘਰਸ਼ ਪਿਛੋਂ, ਉਨ੍ਹਾਂ ਨੇ ਹਵਾਈ ਸਫ਼ਰ ਕਰਨ ਸਮੇਂ ਗਾਤਰੇ ਕਿਰਪਾਨ ਪਾਈ ਰਖਣ ਦੀ ਆਜ਼ਾਦੀ ਪ੍ਰਾਪਤ ਕਰ ਲਈ ਹੈ।

ਇਸ ਦਿਤੀ ਖ਼ਬਰ ਵਿਚੋਂ ੨੨ ਅਗਸਤ ੧੯੭੯ ਦੀ ਪਤਰਕਾ ਤੋਂ ਕੁਝ ਕੁ ਇਹ ਭੁਲੇਖਾ ਪੈਂਦਾ ਹੈ ਕਿ ਇਸ ਮੋਰਚੇ ਦੀ ਕਾਮਯਾਬੀ ਭਾਈ ਰਣਜੀਤ ਸਿੰਘ ਜੀ ਦੀਆਂ ਸਰਗਰਮੀਆਂ ਕਾਰਨ ਹੋਈ ਹੈ। ਦਰ-ਅਸਲ ਕਾਫ਼ੀ ਸਮਾਂ ਪਹਿਲੋਂ ਅਖੰਡ ਕੀਰਤਨੀ ਜਥਾ ਯੂ. ਕੇ. ਦੇ ਸਿੰਘਾਂ ਨੇ ਹਵਾਈ ਸਫ਼ਰ ਕਰਨ ਸਮੇਂ ਕਿਰਪਾਨ ਦੀ ਪਾਬੰਦੀ ਹਟਾਉਣ ਲਈ ਸੰਘਰਸ਼ ਅਰੰਭਿਆ ਅਤੇ ਜਥੇ ਨੇ ਕਕਾਰਾਂ ਦੀ ਆਜ਼ਾਦੀ ਲਈ ਜੋ ਕਮੇਟੀ ਬਣਾਈ ਉਸ ਦਾ ਚੀਫ ਕਨਵੀਨਰ ਭਾਈ ਮਦਨ ਸਿੰਘ ਜੀ ਨੂੰ ਨੀਯਤ ਕੀਤਾ। ਅਤੇ ਇਸ ਤੋਂ ਬਾਅਦ ੩੦ ਜੂਨ ੧੯੭੯ ਨੂੰ ਬਰਮਿੰਘਮ ਵਿਖੇ ਹੋਈ ਕਾਨਫ਼ਰੰਸ ਵਿਚ ਵਖ ਵਖ ਪੰਥਕ ਜਥੇਬੰਦੀਆਂ ਵਲੋਂ ਵੀ ਭਾਈ ਮਦਨ ਸਿੰਘ ਜੀ ਨੂੰ ਚੀਫ ਕਨਵੀਨਰ ਥਾਪਿਆ ਗਿਆ।

ਭਾਈ ਮਦਨ ਸਿੰਘ ਜੀ ਨੇ ਕਾਫ਼ੀ ਪਹਿਲਾਂ ਤੋਂ ਹੀ ਇਸ ਸਬੰਧੀ ਸਰਕਾਰ ਨਾਲ ਲਿਖਾ-ਪੜ੍ਹੀ ਸ਼ੁਰੂ ਕਰ ਦਿਤੀ ਸੀ। ਮਿਸਜ਼ ਥੈਚਰ ਦੇ ਚੀਫ਼ ਮਨਿਸਟਰ ਬਣਨ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਲਿਖੀ ਗਈ ਪਤਰਕਾ ਦੇ ਉਤਰ ਵਿਚ ਆਪ ਨੂੰ ੧੧ ਅਪ੍ਰੈਲ ੧੯੭੯ ਦੀ ਇਕ ਪਤਰਕਾ ਦੁਆਰਾ ਉਤਰ ਮਿਲਿਆ ਸੀ ਕਿ ਸਿੰਘਾਂ ਅਤੇ ਸਿੰਘਣੀਆਂ ਨੂੰ ਕਕਾਰ ਪਹਿਨਣ ਦੀ ਆਗਿਆ ਹੋਣੀ ਚਾਹੀਦੀ ਹੈ। ਭਾਈ ਮਦਨ ਸਿੰਘ ਜੀ ਨੇ ਹਿਊਮਨ ਰਾਈਟਸ ਕੋਰਟ, ਯੂ. ਐਨ. ਓ., ਏਅਰ ਲਾਈਨਜ਼ ਐਸੋਸੀਏਸ਼ਨ ਜਨੇਵਾ ਅਤੇ ਹਿੰਦ ਸਰਕਾਰ ਤੋਂ ਇਲਾਵਾ ਪੋਪ ਪਾਲ ਰੋਮ ਨਾਲ ਵੀ ਖ਼ਤ-ਪਤਰ ਕੀਤਾ। ਬ੍ਰਿਟਿਸ਼ ਏਅਰਵੇਜ਼ ਨੇ ਆਪ ਨੂੰ ੩ ਅਗਸਤ ੧੯੭੯ ਨੂੰ ਮਹਿਕਮਾ ਟਰੇਡ ਦਾ ਹਵਾਲਾ ਦੇ ਕੇ ਲਿਖਿਆ ਕਿ ਸਿੰਘ ਕਿਰਪਾਨ ਪਹਿਨ ਕੇ ਸਫ਼ਰ ਕਰ ਸਕਦੇ ਹਨ।

ਸੋ ਸਮੂਹ ਸੰਗਤਾਂ ਨੂੰ ਵਿਦਤ ਕੀਤਾ ਜਾਂਦਾ ਹੈ ਕਿ ਹਵਾਈ ਸਫ਼ਰ ਕਰਨ ਸਮੇਂ ਗਾਤਰੇ ਕਿਰਪਾਨ ਪਹਿਨ ਕੇ ਸਫ਼ਰ-ਕਰਨ ਦਾ ਇਹ ਮੋਰਚਾ ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਕਾਫ਼ੀ ਸਮੇਂ ਤੋਂ ਅਰੰਭ ਸੀ, ਜੋ ਕਿ ਗੁਰੂ ਮਿਹਰ ਸਦਕਾ ਯੂ. ਕੇ. ਵਿਚ ਫ਼ਤਹ ਹੋ ਗਿਆ ਹੈ। ਗੁਰਸਿਖਾਂ ਦੀ ਘਾਲ ਸਫਲ ਹੋਈ ਹੈ।

ਇਹ ਸਾਰੀ ਬਖ਼ਸ਼ਸ਼ ਸਤਿਗੁਰੂ ਪਾਤਸ਼ਾਹ ਦੀ ਆਪਣੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਬਲ ਬਖ਼ਸ਼ ਕੇ ਇਹ ਸੇਵਾ ਲੈ ਰਹੇ ਹਨ ਅਤੇ ਇਹ ਜਿਤ ਵੀ ਸਤਿਗੁਰੂ ਦੀ ਆਪਣੀ ਬਖ਼ਸ਼ਸ਼ ਦੁਆਰਾ ਹੋਈ ਹੈ, ਜਿਸ ਲਈ ਅਸੀਂ ਸਾਰੇ ਬਖਸ਼ਿੰਦ ਸਤਿਗੁਰੂ ਜੀ ਦੇ ਧੰਨਵਾਦੀ ਹਾਂ।

ਆਸ ਕਰਦੇ ਹਾਂ ਕਿ ਸਿੰਘਾਂ ਦੇ ਉਦਮ ਨਾਲ, ਭਾਰਤ ਵਰਸ਼ ਤੋਂ ਪਰਦੇਸਾਂ ਨੂੰ ਹਵਾਈ ਸਫ਼ਰ ਕਰਨ ਲਈ ਜੋ ਗਾਤਰੇ-ਕਿਰਪਾਨ ਦੀ ਪਾਬੰਦੀ ਲਗੀ ਹੋਈ ਹੈ, ਉਹ ਵੀ ਦੂਰ ਹੋ ਜਾਏਗੀ ਅਤੇ ਸਤਿਗੁਰੂ ਆਪਣੇ ਗੁਰਸਿਖਾਂ ਨੂੰ ਕਾਮਯਾਬੀ ਦਾ ਸੇਹਰਾ ਬਖਸ਼ ਕੇ ਇਸੇ ਤਰ੍ਹਾਂ ਨਿਵਾਜਦੇ ਰਹਿਣਗੇ।


www.AKJ.Org

# ਨੰਦਪੁਰ ਕਲੌੜ (ਗੁ: ਪਾ: ੯) ਵਿਖੇ ਗੁਰਪੁਰਬ ਤੇ ਅਖੰਡ ਕੀਰਤਨ ਸਮਾਗਮ

## ੨੨ ਨਵੰਬਰ ਵੀਰਵਾਰ ਸਵੇਰ ਤੋਂ ੨੫ ਨਵੰਬਰ ਐਤਵਾਰ ਸਵੇਰ ਤਕ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਉਂ ਪੁਜਣਗੇ ਅਤੇ ਕੀਰਤਨ ਭੁੰਚਣਗੇ। ਸਮੂਹ ਵੀਰ ਭੈਣਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

੨੨ ਨਵੰਬਰ ਸਵੇਰੇ ੫ ਤੋਂ ੭ ਕੀਰਤਨ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡ ਪਾਠ ਅਰੰਭ

੨੪ ਨਵੰਬਰ ਸਵੇਰ ੫ ਵਜੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ੧੨ ਵਜੇ ਤਕ ਅਖੰਡ ਕੀਰਤਨ

ਦੁਪਹਿਰ ਪਿਛੋਂ ਅੰਮ੍ਰਿਤ ਸਿੰਚਾਰ ਸਮਾਗਮ

ਸ਼ਾਮ ਸੋਦਰ ਉਪਰੰਤ ਰੈਣ ਸਬਾਈ ਕੀਰਤਨ ਅਰੰਭ, ੨੫ ਨਵੰਬਰ ਸਵੇਰੇ ਸਮਾਪਤੀ

ਪੁਛ ਗਿਛ : ਸੰਤ ਕਿਰਪਾਲ ਸਿੰਘ ਜੀ, ਗੁਰਦਵਾਰਾ ਪਾਤਸ਼ਾਹੀ ੯, ਨੰਦਪੁਰ ਕਲੌੜ (ਬਸੀ ਪਠਾਣਾਂ)

ਬਸੀ ਪਠਾਣਾਂ ਤੇ ਖਰੜ ਤੋਂ ਸਾਰਾ ਦਿਨ ਬਸਾਂ ਮਿਲਦੀਆਂ ਹਨ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਰੂਪ ਨਗਰ

# ਕਰਤਾਰਪੁਰ ਵਿਖੇ ਅਖੰਡਪਾਠ ਤੇ ਅਖੰਡ ਕੀਰਤਨ

ਅਖੰਡ ਕੀਰਤਨੀ ਜਥਾ ਜਲੰਧਰ ਵਲੋਂ ਇਤਲਾਹ ਪੁਜੀ ਹੈ ਕਿ ਬਾਬਾ ਵਿਸ਼ਕਰਮਾ ਭਵਨ ਕਰਤਾਰਪੁਰ ਵਿਖੇ ੧੭ ਨਵੰਬਰ ਸ਼ਨੀਵਾਰ ਨੂੰ ਸਵੇਰੇ ਪੰਜ ਵਜੇ ਸ੍ਰੀ ਅਖੰਡਪਾਠ ਦੇ ਭੋਗ ਪੈ ਕੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਸਾਢੇ ਸਤ ਵਜੇ ਅਰੰਭ ਹੋ ਕੇ ੧੮ ਨਵੰਬਰ ਨੂੰ ਸਵੇਰੇ ੭ ਵਜੇ ਸਮਾਪਤੀ ਹੋਵੇਗੀ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ।

# ਮੰਡੀ ਅਹਿਮਦਗੜ੍ਹ ਵਿਖੇ ਰੈਣ ਸਬਾਈ ਕੀਰਤਨ

ਮਾ: ਉਜਾਗਰ ਸਿੰਘ ਜੀ ਖਾਲਸਾ ਫਰਵਾਲੀ (ਲੋਹਟਬਦੀ—ਸੰਗਰੂਰ) ਇਤਲਾਹ ਦਿੰਦੇ ਹਨ ਕਿ ਗੁ: ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਮੰਡੀ ਅਹਿਮਦਗੜ੍ਹ ਸੰਗਰੂਰ ਵਿਖੇ ਮਾਸਕ ਰੈਣ ਸਬਾਈ ਕੀਰਤਨ ੧੦ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ, ਦੂਰੋਂ ਨੇੜਿਓਂ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ। ਸਮੂਹ ਸੰਗਤਾਂ ਹਰਿ ਜਸ ਦੇ ਲਾਹੇ ਪ੍ਰਾਪਤ ਕਰਨ। ਦਾਸਰੇ--ਗੁਰਦਵਾਰਾ ਪ੍ਰਬੰਧਕ ਕਮੇਟੀ, ਅਹਿਮਦਗੜ੍ਹ

# ਖੰਨਾ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਸ੍ਰੀ ਗੁਰੂ ਸਿੰਘ ਸਭਾ ਖੰਨਾ ਮੰਡੀ ਜ਼ਿਲਾ ਲੁਧਿਆਣਾ ਵਿਖੇ ੧੭ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਮੋਗਾ, ਲੁਧਿਆਣਾ, ਪਟਿਆਲਾ, ਜਲੰਧਰ, ਮੁਲਾਂਪੁਰ ਆਦਿ ਤੋਂ ਕੀਰਤਨੀ ਵੀਰ ਭੈਣਾਂ ਪੁਜ ਰਹੇ ਹਨ। ਸਮੂਹ ਗੁਰਮੁਖ ਵੀਰ ਪਰਵਾਰਾਂ ਸਹਿਤ ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰੇ—ਅਖੰਡ ਕੀਰਤਨੀ ਜਥਾ, ਖੰਨਾ ਮੰਡੀ (ਲੁਧਿਆਣਾ)

# ਉਦੋਵਾਲੀ ਕਲਾਂ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

੧੭ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਸ: ਤੇਜਵੰਤ ਸਿੰਘ ਦੇ ਗ੍ਰਿਹ ਵਿਖੇ ਹੋ ਰਹੇ ਹਨ। ਸਮੂਹ ਸੰਗਤਾਂ ਦਰਸ਼ਨ ਦੇ ਕੇ ਨਿਵਾਜਣ ਜੀ। ਪਿੰਡ ਉਦੋਵਾਲੀ ਨੂੰ ਬਟਾਲੇ ਤੋਂ ਆਖਰੀ ਬਸ ਪੰਜ ਵਜੇ ਸ਼ਾਮ ਚਲਦੀ ਹੈ। ਡੇਰਾ ਬਾਬਾ ਨਾਨਕ ਵਾਲੀ ਬਸ ਤੇ ਸ਼ਿਕਾਰ ਤੋਂ ਟਾਂਗੇ ਮਿਲਦੇ ਹਨ।

ਦਾਸਰੇ—ਅਖੰਡ ਕੀਰਤਨੀ ਜਥਾ ਜ਼ਿਲਾ ਗੁਰਦਾਸਪੁਰ



www.AKJ.Org

# ਅਖੰਡ ਕੀਰਤਨੀ ਜਥਾ—ਹਿਸਾਬ ਕਿਤਾਬ

**ਹੀਦੀ ਫੰਡ—ਆਮਦਨ**

| | |
|---|---|
| ਖ ਮਿਸ਼ਨਰੀ ਸੁਸਾਇਟੀ ਸਾਊਥਹਾਲ | ੩੭-੯੫ |
| : ਰਣਬੀਰ ਸਿੰਘ ਅੰਮ੍ਰਿਤਸਰ | ੧੦-੦ |
| : ਵਰਿਆਮ ਸਿੰਘ ਦੀ ਯਾਦ ਵਿਚ, ਵਲੋਂ | |
| ਬੀਬੀ ਦਇਆ ਕੌਰ ਨਵੀਂ ਦਿਲੀ | ੧੦੦-੦ |
| ਸ: ਪਰਤਾਪ ਸਿੰਘ ਨਵੀਂ ਦਿਲੀ | ੨੫-੦ |
| ਡਾ: ਬਾਲ ਮੁਕੰਦ ਦੀ ਯਾਦ ਵਿਚ, ਵਲੋਂ | |
| ਸ: ਅਤਰ ਸਿੰਘ, ਪਟੇਲ ਨਗਰ ਨਵੀਂ ਦਿਲੀ | ੫੦੧-੦ |
| ਬੀਬੀ ਰਾਜਿੰਦਰ ਕੌਰ, ਕੁਵੈਤ, ਅਰਬ | ੧੮੪-੦ |
| ਭੈਣ ਜੀ, ਕੁਵੈਤ | ੧੨੫-੦ |
| ਸ: ਬਲਦੇਵ ਸਿੰਘ, ਜੈਪੁਰ | ੨੫-੦ |
| ਸ: ਤ੍ਰਿਲੋਚਨ ਸਿੰਘ ਕਾਲਕਾ | ੨੫-੦ |
| ਸ: ਜਗੀਰ ਸਿੰਘ ਦੇ ਬਚੇ ਬਚੀ ਦੇ ਅਨੰਦ ਕਾਰਜ ਸਮੇਂ | |
| ਸ: ਗੁਰਬਖਸ਼ ਸਿੰਘ ਸਿਵੀਆ ਗ੍ਰੇਵਜ਼ੈਂਡ ਵਲੋਂ | ੮੮-੦ |
| ਸ: ਸੁਰਿੰਦਰ ਸਿੰਘ ਖੇਤਰੀ ਨਗਰ | ੫੦-੦ |
| Sgt ਕੁਲਦੀਪ ਸਿੰਘ ਮਤਵਾਲਾ ਬੰਗਲੋਰ | ੩੧-੦ |
| ਭਾ: ਦਲੀਪ ਸਿੰਘ ਫਰੀਦਕੋਟ ਦਾ ਡਰਾਫਟ ਵਾਪਸ | ੧੦੦੦-੦ |
| ਸ: ਦਰਸ਼ਨ ਸਿੰਘ ਬਠਿੰਡਾ | ੧੫੦-੦ |
| ਬਚੇ ਬਚੀ ਦੇ ਅਨੰਦ ਕਾਰਜ ਸਮੇਂ, ਵਲੋਂ | |
| ਮਾ: ਜਗੀਰ ਸਿੰਘ ਗਿਲ ਕੋਕਰੀ ਫੂਲਾ ਸਿੰਘ | ੧੦੦-੦ |
| ਸ: ਕੁਲਦੀਪ ਸਿੰਘ ਖਾਲਸਾ ਲੇਹ ਲਦਾਖ | ੨੫-੦ |
| ਸ: ਪਰਮਿੰਦਰ ਸਿੰਘ ੯੯ A.P.O | ੬੦-੦ |
| ਜੋੜ | ੨੫੩੬-੯੫ |
| ਪਿਛਲੀ ਬਾਕੀ | ੫੬੨੦੯-੯੩ |
| | ੫੮੭੪੬-੮੮ |
| ਖਰਚ | ੧੨੦੪੮-੮੫ |
| | ੪੬੬੯੮-੦੩ |

**ਵੇਰਵਾ ਖ਼ਰਚ—**

| | |
|---|---|
| ਹਲਫੀਆ ਬਿਆਨ ਆਦਿ ਟਾਈਪ ਕਰਾਏ | ੧੦-੦ |
| ਚਾਰ ਅਸ਼ਟਾਮ | ੧੨-੦ |
| ੬ ਸ਼ਹੀਦ ਪਰਵਾਰਾਂ ਨੂੰ ਪਲਾਟ ਦਿਵਾਉਣ ਲਈ ਇਮਪਰੂਵ ਟ੍ਰਸਟ ਨੂੰ ਪੇਸ਼ਗੀਆਂ | ੧੨੦੦੦-੦੦ |
| ਅਖਬਾਰਾਂ | ੨੨-੦ |
| ਡਾਕ ਖਰਚ | ੪-੮੫ |
| ਜੋੜ | ੧੨੦੪੮-੮੫ |

੨੫. ੧੦. ੭੯ ਦਾਸਰਾ ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ) ਅੰਮ੍ਰਿਤਸਰ

# ਪੱਟੀ (ਅੰਮ੍ਰਿਤਸਰ) ਵਿਖੇ ਬਾਊ ਜੀ ਨਮਿਤ ਮਹਾਨ ਸਮਾਗਮ

ਗੁਰਮੁਖ ਪਿਆਰੇ ਮਾਨਯਵਰ ਬਾਊ ਮੱਲ ਸਿੰਘ ਜੀ ਦੇ ਨਮਿਤ, ਉਨ੍ਹਾਂ ਦੀ ਬੱਚੀ ਬੀਬੀ ਇੰਦਰ ਕੌਰ ਵਲੋਂ ਪੱਟੀ ਬੀਬੀ ਰਜਨੀ ਕਾਲਜ ਫਾਰ ਵਿਮਨ ਵਿਖੇ ੯ ਨਵੰਬਰ ਅੰਮ੍ਰਿਤ ਵੇਲੇ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ ਹੋਣਗੇ ਜਿਸ ਦੇ ਭੋਗ ੧੧ ਨਵੰਬਰ ਐਤਵਾਰ ਸਵੇਰੇ ਪੈਣਗੇ। ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਸ੍ਰੀ ਅੰਮ੍ਰਿਤਸਰ, ਜਲੰਧਰ, ਚੰਡੀਗੜ੍ਹ ਤੇ ਹੋਰ ਥਾਵਾਂ ਤੋਂ ਕੀਰਤਨੀ ਵੀਰ ਭੈਣਾਂ ਦਰਸ਼ਨ ਦੇਣ ਦੀ ਕਿਰਪਾਲਤਾ ਕਰਨਗੇ। ਸਮੂਹ ਸੰਗਤਾਂ ਗੁਰਸਿਖਾਂ ਵੀਰਾਂ ਭੈਣਾਂ ਦੇ ਚਰਨਾਂ ਵਿਚ ਜੋਦੜੀ ਹੈ ਕਿ ਵਧ ਤੋਂ ਵਧ ਹਾਜ਼ਰੀਆਂ ਭਰ ਕੇ ਦਾਸਾਂ ਨੂੰ ਨਿਵਾਜੋ ਜੀ।

ਪੁਛ ਗਿਛ : ਪ੍ਰਿੰਸੀਪਲ, ਬੀਬੀ ਰਜਨੀ ਕਾਲਜ ਫਾਰ ਵਿਮਨ, ਪੱਟੀ।

ਦਾਸਰੇ—ਅਖੰਡ ਕੀਰਤਨੀ ਜਥਾ ਪੱਟੀ ਜ਼ਿਲਾ ਅੰਮ੍ਰਿਤਸਰ।

# ਸ਼ਹੀਦਾਂ ਦੇ ਅਸਥਾਨ ਤੇ ਮਾਸਕ ਰੈਣ ਸਬਾਈ ਕੀਰਤਨ

ਚਲਦਾ ਵਹੀਰ ਅਖੰਡ ਕੀਰਤਨੀ ਜਥਾ ਵਲੋਂ ਹਰ ਮਹੀਨੇ ਵਾਂਗ ਐਤਕੀ ੧੭ ਨਵੰਬਰ ਸ਼ਨੀਵਾਰ ਦੀ ਰਾਤ ਨੂੰ ਗੁਰਦਵਾਰਾ ਰਾਮਸਰ (ਸ੍ਰੀ ਅੰਮ੍ਰਿਤਸਰ) ਦੇ ਸਾਹਮਣੇ ਸ਼ਹੀਦਾਂ ਦੇ ਅਸਥਾਨ ਤੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਖਟੋ ਜੀ।


www.AKJ.Org

## ਧੂੰਮ ਧੂਜਾ ਫਹਰੰਤਿ ਸਦਾ ॥ [ਸਫਾ ੩੨ ਦੀ ਬਾਕੀ]

ਡਾਕਟਰ ਤਾਰਨ ਸਿੰਘ* ਜੀ ਨੇ ਸੁਹਣਾ ਲਿਖਿਆ ਹੈ ਕਿ "ਨਿਸ਼ਾਨ ਸਾਹਿਬ ਸਾਡਾ 'ਜ਼ਾਹਰਾ ਜ਼ਹੂਰ' ਅਤੇ 'ਹਾਜ਼ਰਾ ਹਜ਼ੂਰ' ਰੱਬ ਹੈ।" ਇਸ ਦੇ ਅਦਬ ਤੇ ਸਤਿਕਾਰ ਨੂੰ ਕਾਇਮ ਰੱਖਣ ਲਈ ਸਿੱਖ ਆਪਣੇ ਪ੍ਰਾਣਾ ਦੀ ਬਾਜ਼ੀ ਲਾਉਣ ਨੂੰ ਵੀ ਸਦਾ ਤਿਆਰ ਬਰ ਤਿਆਰ ਰਹਿੰਦੇ ਸਨ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੀ ਇਕ ਸਾਖੀ† ਇਤਿਹਾਸ ਨੇ ਸਾਂਭ ਕੇ ਰਖੀ ਹੋਈ ਹੈ। ਭਾਈ ਆਲਮ ਸਿੰਘ ਸਿਖ ਫੌਜਾਂ ਦੇ ਝੰਡਾਬਰਦਾਰ ਸਨ। ਅਨੰਦਪੁਰ ਦੀ ਦੂਜੀ ਲੜਾਈ ਸਮੇਂ ਉਹ ਫੌਜਾਂ ਚੀਰਦੇ ਬਹੁਤ ਅਗੇ ਨਿਕਲ ਗਏ ਤਾਂ ਵਿਰੋਧੀ ਫੌਜਾਂ ਨੇ ਪਕੜ ਕੇ ਕੈਦ ਵਿਚ ਪਾ ਲਿਆ ਤੇ ਝੰਡਾ ਹਥੋਂ ਸੁਟਣ ਦਾ ਹੁਕਮ ਦਿਤਾ। ਭਾਈ ਆਲਮ ਸਿੰਘ ਨੇ ਐਸਾ ਕਰਨੋਂ ਨਾਂਹ ਕਰ ਦਿਤੀ। ਵਿਰੋਧੀਆਂ ਕੜਕ ਕੇ ਆਖਿਆ, "ਝੰਡਾ ਹਥੋਂ ਸੁੱਟ ਦੇ, ਨਹੀਂ ਤਾਂ ਹੱਥ ਕੱਟ ਦਿਤੇ ਜਾਣਗੇ।" ਭਾਈ ਜੀ ਨੇ ਗੱਜ ਕੇ ਕਹਿਆ, "ਪੈਰਾਂ ਨਾਲ ਫੜ ਲਵਾਂਗਾ।" ਗੁਸੇ ਵਿਚ ਭਰੇ ਫੌਜਦਾਰ ਨੇ ਕਿਹਾ, ਪੈਰ ਵੀ ਕੱਟ ਦਿਤੇ ਜਾਣਗੇ।" ਭਾਈ ਜੀ ਦਾ ਉਸੇ ਸਾਹ ਉੱਤਰ ਸੀ, "ਮੂੰਹ ਨਾਲ ਪਕੜ ਲਵਾਂਗਾ।" "ਤੇਰਾ ਸਿਰ ਉੜਾ ਦਿਤਾ ਜਾਏਗਾ"–ਫੌਜਦਾਰ ਦਾ ਅਗਲਾ ਵਾਕ ਸੀ। ਭਾਈ ਆਲਮ ਸਿਘ ਨੇ ਉਸੇ ਦ੍ਰਿੜ੍ਹਤਾ ਨਾਲ ਕਿਹਾ, "ਐਸੀ ਸੂਰਤ ਵਿਚ ਕਲਗੀਆਂ ਵਾਲਾ ਆਪੇ ਰਖਿਆ ਕਰੇਗਾ, ਮੇਰੀ ਜ਼ਿੰਮੇਵਾਰੀ ਤਾਂ ਆਪਣੇ ਸੁਆਸਾਂ ਤਕ ਹੀ ਹੈ।" ਸਿਰ ਬੇਸ਼ਕ ਉੜਾ ਦਿਤਾ ਗਿਆ, ਪਰ ਭਾਈ ਸਾਹਿਬ ਨੇ ਝੰਡੇ ਨੂੰ ਨੀਵਾਂ ਨ ਹੋਣ ਦਿਤਾ।

[ਬਾਕੀ ਅਗਲੇ ਪਰਚੇ ਵਿਚ

---

* ਡਾਕਟਰ ਤਾਰਨ ਸਿੰਘ, ਸਿੱਖ ਧਰਮ ਦੇ ਰਹਿਸ ਤੇ ਰਮਜ਼, ਪੰਨਾ ੩੦੪

(ਵਿਸਥਾਰ ਲਈ ਡਾਕਟਰ ਤਾਰਨ ਸਿੰਘ ਦਾ ਲੇਖ 'ਝੰਡੇ ਜੁਗੋ ਜੁਗ ਅਟੱਲ' ਇਸੇ ਪੁਸਤਕ ਵਿਚ ਦੇਖੋ)

† ਸਤਿਬੀਰ ਸਿੰਘ, ਅਠ੍ਹਾਰਵੀਂ ਸਦੀ ਵਿਚ ਬੀਰ ਪਰੰਪਰਾ ਦਾ ਵਿਕਾਸ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਨਾ ੧੦

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਕੀਰਤਨ ਪ੍ਰੋਗਰਾਮ

ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਹੇਠ ਲਿਖੇ ਅਨੁਸਾਰ ਸ੍ਰੀ ਅਖੰਡ ਪਾਠ ਤੇ ਕੀਰਤਨ ਪ੍ਰੋਗਰਾਮ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ–

੨੩-੨੪-੨੫ ਨਵੰਬਰ ਨੂੰ ਸ੍ਰੀ ਅਖੰਡ ਪਾਠ ਪ੍ਰੋਗਰਾਮ ਸ: ਸਵਰਨ ਸਿੰਘ 'ਸ਼ੇਰੇ ਪੰਜਾਬ' ਦੇ ਗ੍ਰਹਿ 14 Algernon Road, Birmingham phone 021-643-3656

ਇਕ ਦਸੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਪੁਰਾਣਾ ਗੁਰਦੁਆਰਾ ਹਡਰਸ ਫੀਲਡ

ਪੁਛ ਗਿਛ–Hill House Lane, Far Town, Huddersfield

ਸ: ਸਰਵਣ ਸਿੰਘ–0484-40760

੨੫-੨੬-੨੭ ਦਸੰਬਰ ਚਾਰੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਗੁਰਪੁਰਬ ਮੈਡ-ਵੇ ਗੁਰਦਵਾਰਾ ਸਾਹਿਬ ਕੋਸਕ ਸਟਰੀਟ, ਰੋਚੈਸਟਰ ਵਿਖੇ ਮਨਾਇਆ ਜਾਵੇਗਾ। ਗੁਰਦੁਆਰਾ ਮੈਡ-ਵੇ ਫ਼ੋਨ ਨੰ: 49782

---

**ਯੂ. ਕੇ. ਵਿਖੇ 'ਸੂਰਾ' ਮਾਸਕ ਪੱਤ੍ਰ ਦੇ ਚੰਦੇ** ਹੇਠ ਲਿਖੇ ਪਤੇ ਤੇ ਜਮ੍ਹਾ ਕਰਾਏ ਜਾ ਸਕਦੇ ਹਨ–
H. S. Sarai, 110/A-Luton Road, Chatham-Kent Tele-Medway (STD 0634) 407547



www.AKJ.Org

# ਧੂੰਮ ਧੁਜਾ ਫਹਰੰਤਿ ਸਦਾ

(ਵਲੋਂ—ਸ: ਪਸ਼ੌਰਾ ਸਿੰਘ ਜੀ, ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਨਵੀਂ ਦਿੱਲੀ)

(੧)

ਸ੍ਰੀ ਅਕਾਲ ਤਖਤ ਦੇ ਸਾਹਮਣੇ ਸਿੱਖ ਕੌਮ ਦੇ ਦੋ ਇਲਾਹੀ ਝੰਡੇ ਇਕੋ ਹੀ ਅਸਥਾਨ ਤੇ ਨਾਲ ਨਾਲ ਝੂਲ ਰਹੇ ਹਨ ਜਿਸਦੀ ਮਿਸਾਲ ਦੁਨੀਆ ਵਿਚ ਹੋਰ ਕਿਧਰੇ ਨਹੀਂ ਮਿਲਦੀ। ਇਹ ਦੋਵੇਂ ਝੰਡੇ ਸਾਡੇ ਨਿਸ਼ਾਨ ਸਾਹਿਬ ਹਨ, ਇਕ ਪੀਰੀ ਦਾ ਹੈ ਤੇ ਇਕ ਮੀਰੀ ਦਾ। ਪੀਰੀ ਦਾ ਨਿਸ਼ਾਨ ਸਾਹਿਬ ਸਿਖ ਕੌਮ ਦੀ ਪਲਤ-ਮੁਖੀ ਪ੍ਰਭੁਤਾ (Spiritual Sovereignty) ਦਾ ਪ੍ਰਤੀਕ ਹੈ, ਜਦ ਕਿ ਮੀਰੀ ਦਾ ਨਿਸ਼ਾਨ ਸਾਹਿਬ ਹਲਤ-ਮੁਖੀ-ਪ੍ਰਭੁਤਾ (Temporal Sovereignty) ਦਾ ਚਿੰਨ੍ਹ ਹੈ। ਇਨ੍ਹਾਂ ਦੋਨਾਂ ਝੰਡਿਆਂ ਦਾ ਇਕੋ ਥਾਂ ਉਪਰ ਲਹਿਰਾਉਣਾ ਮੀਰੀ ਤੇ ਪੀਰੀ ਦੇ ਸੁਮੇਲ ਤੇ ਸੰਤੁਲਣ ਨੂੰ ਪ੍ਰਗਟ ਕਰਦਾ ਹੈ, ਕਿਉਂਕਿ ਸਿਖ ਧਰਮ ਅਨੁਸਾਰ ਮੀਰੀ ਤੇ ਪੀਰੀ, ਸ਼ਕਤੀ ਤੇ ਭਗਤੀ, ਰਾਜ ਤੇ ਜੋਗ, ਹਲਤ ਤੇ ਪਲਤ ਵਿਚਕਾਰ ਅਡਰਾਪਨ (Distinctiveness) ਤਾਂ ਸਵੀਕਾਰ ਕੀਤਾ ਗਿਆ ਹੈ ਪਰੰਤੂ ਵਖਰੇਵਾਂ (Difference) ਨਹੀਂ। ਮੀਰੀ ਤੇ ਪੀਰੀ ਦੋਹਾਂ ਦੀ ਅੰਤਰ-ਸੰਬੰਧਤ ਏਕਤਾ (Inter-linked unity) ਤੇ ਸਹਿਵਾਸ ਸਿਖ ਮਜ਼੍ਹਬ ਦਾ ਉਲੀਕਿਆ ਵਿਲੱਖਣ ਮਾਰਗ ਹੈ। ਗੁਰੂ ਹਰਿਗੋਬਿੰਦ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰ ਕੇ ਸਿਖ ਲਹਿਰ ਵਿਚ ਮੁੱਢ ਤੋਂ ਹੀ ਬੀਜ ਰੂਪ ਵਿਚ ਰਮ ਰਹੀ ਮੀਰੀ ਤੇ ਪੀਰੀ ਨੂੰ ਪ੍ਰਗਟ ਰੂਪ ਦਿਤਾ। ਇਤਿਹਾਸਕ ਗਵਾਹੀ ਹੈ ਕਿ ਜਦ ਹਰਿਗੋਬਿੰਦ ਪੁਰ ਦੀ ਲੜਾਈ ਵਿਚ ਮੀਰੀ ਦੀ ਕਿਰਪਾਨ ਟੁੱਟ ਗਈ ਤਾਂ ਛੇਵੇਂ ਪਾਤਸ਼ਾਹ ਨੇ ਪੀਰੀ ਦੀ ਕਿਰਪਾਨ ਨੂੰ ਲੜਾਈ ਵਿਚ ਨਹੀਂ ਵਰਤਿਆ, ਜਿਸ ਤੋਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਮੀਰੀ ਤੇ ਪੀਰੀ ਦੇ ਅਧਿਕਾਰ-ਖੰਡ ਤੇ ਕਾਰਜ-ਖੇਤਰ ਅਡਰੇ ਅਡਰੇ ਹਨ, ਪਰ ਉਹ ਇਕ ਦੂਜੇ ਦੇ ਪੂਰਕ ਹਨ। ਡਾਕਟਰ ਜਸਬੀਰ ਸਿੰਘ ਆਹਲੂਵਾਲੀਆ* ਦੇ ਕਥਨ ਅਨੁਸਾਰ, "ਮੀਰੀ ਤੇ ਪੀਰੀ ਆਪਣੇ ਆਪਣੇ ਕਾਰਜ-ਖੇਤਰਾਂ ਵਿਚ ਵਿਚਰਦੀਆਂ ਹੋਈਆਂ ਇਕ ਦੂਸਰੇ ਦੀਆਂ ਪੂਰਕ ਹਨ। ਜੇ ਦੋਵੇਂ ਠੀਕ ਢੰਗ ਨਾਲ ਆਪਣੇ ਆਪਣੇ ਅਧਿਕਾਰ-ਖੇਤਰਾਂ ਵਿਚ ਕਿਰਿਆਸ਼ੀਲ ਰਹਿਣ ਤਾਂ ਦੋਹਾਂ ਦੀ ਧੁਰੋਂ ਨਿਸ਼ਚਿਤ ਸੰਤੁਲਣ (Pre-established Harmony) ਦੀ ਅਵੱਸਥਾ ਕਾਇਮ ਰਹਿੰਦੀ ਹੈ। ਜੇ ਪੀਰੀ ਮੀਰੀ ਤੇ ਹਾਵੀ ਹੋ ਜਾਵੇ (ਜਿਵੇਂ ਮੱਧਕਾਲ ਵਿਚ ਚਰਚ ਰਾਸ਼ਟਰ ਤੇ ਭਾਰੂ ਹੋ ਗਿਆ ਸੀ) ਤਾਂ ਸੈਕੂਲਰਤਾ ਦਾ ਆਧਾਰ ਹੀ ਖ਼ਤਰੇ ਵਿਚ ਪੈ ਜਾਂਦਾ ਹੈ। ਜੇ ਮੀਰੀ ਪੀਰੀ ਉਪਰ ਪ੍ਰਬਲ ਹੋ ਜਾਵੇ ਤਾਂ ਘਟ ਗਿਣਤੀ ਦੀਆਂ ਕੌਮਾਂ ਤੇ ਕੌਮੀਅਤਾਂ (ਮਜ਼੍ਹਬੀ ਅਕਲੀਅਤਾਂ) ਦੀ ਸ੍ਵੈ-ਗੋਚਰਤਾ (Autonomy) ਭੰਗ ਹੋ ਜਾਂਦੀ ਹੈ। ਮੀਰੀ ਤੇ ਪੀਰੀ ਦਰਿਆ ਦੇ ਦੋ ਕੰਢਿਆਂ ਵਾਂਗ ਹਨ, ਜਿਨ੍ਹਾਂ ਵਿਚਕਾਰ ਜੀਵਨ-ਰੌ ਵਹਿੰਦੀ ਹੈ ਇਹ ਜੀਵਨ-ਰੌ ਆਪਣੇ ਜਲੌ ਵਿਚ ਤਾਂ ਹੀ ਧੜਕਦੀ ਰਹਿ ਸਕਦੀ ਹੈ ਜੇਕਰ ਦੋਹਾਂ ਕੰਢਿਆਂ ਵਿਚਕਾਰ ਏਕਤਾ ਵੀ ਹੋਵੇ ਤੇ ਭਿੰਨਤਾ ਅਥਵਾ ਦੂਰੀ ਵੀ।"

ਜੇਕਰ ਮੀਰੀ ਤੇ ਪੀਰੀ ਦੇ ਦੋਨਾਂ ਝੰਡਿਆਂ ਨੂੰ ਗਹੁ ਨਾਲ ਵੇਖੀਏ ਤਾਂ ਉਹ ਸਮਾਨ-ਅੰਤਰ ਰਹਿੰਦੇ ਹੋਏ ਅਕਾਸ਼ ਦੀਆਂ ਸਿਖਰਾਂ ਨੂੰ ਛੋਹਦੇ ਨਜ਼ਰ ਆਉਂਦੇ ਹਨ ਅਤੇ ਸਿੱਖੀ ਦੇ ਆਦਰਸ਼ਾਂ ਤੇ ਟੀਚਿਆਂ ਦਾ ਖੁਲ੍ਹਾ ਐਲਾਨ ਕਰਦੇ ਹੋਏ ਆਪਣੀ ਫਰਫਰਾਹਟ ਦੇ ਨਾਲ ਸਮੁੱਚੇ ਵਿਸ਼ਵ ਨੂੰ ਪ੍ਰਭਾਵਿਤ ਕਰ ਰਹੇ ਹਨ। ਇਹ ਦੋਵੇਂ ਝੰਡੇ ਵਿਚਕਾਰੋਂ ਇਕ ਖੰਡੇ ਤੇ ਦੋ ਕ੍ਰਿਪਾਨਾਂ ਵਾਲੇ ਸਿੱਖੀ ਦੇ ਚਕਰਾਕਾਰ ਨਾਲ ਜੁੜੇ ਹੋਏ ਹਨ, ਜਿਸ ਤੋਂ ਭਗਤੀ ਤੇ ਸ਼ਕਤੀ ਦਾ ਅਦੁੱਤੀ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ। ਭਗਤੀ ਨਾਲੋਂ ਟੁੱਟ ਕੇ ਸ਼ਕਤੀ ਅੰਨ੍ਹੀ ਹੋ ਜਾਂਦੀ ਹੈ, ਜਿਸ ਦੇ ਨਾਲ ਮਨੁੱਖ ਵਿਚ ਰਾਕਸ਼-ਬਿਰਤੀ ਤੇ ਸਮਾਜ ਵਿਚ ਤਾਨਾਸ਼ਾਹੀ ਦਾ ਬੋਲਬਾਲਾ ਹੋ ਜਾਂਦਾ ਹੈ। ਸ਼ਕਤੀ ਨਾਲੋਂ ਟੁੱਟ ਕੇ ਭਗਤੀ ਲੰਗੜੀ (ਸੂਨਵਾਦੀ) ਹੋ ਜਾਂਦੀ ਹੈ ਅਤੇ ਇਸ ਤਰ੍ਹਾਂ ਆਪਣਾ ਬਚਾਓ ਆਪ ਕਰਨ ਦੇ ਸਮਰੱਥ ਵੀ ਨਹੀਂ ਰਹਿੰਦੀ। ਸੋ ਮੀਰੀ ਤੇ ਪੀਰੀ ਦੀ ਏਕਤਾ ਸਿਖ ਸਿਧਾਂਤ ਦਾ ਬੁਨਿਆਦੀ ਧੁਰਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੀਰੀ ਆਦਿ-

* ਡਾ: ਜਸਬੀਰ ਸਿੰਘ ਆਹਲੂਵਾਲੀਆ, ਸਿਖ ਫਲਸਫੇ ਦੀ ਭੂਮਿਕਾ।
ਰਘਬੀਰ ਰਚਨਾ ਪ੍ਰਕਾਸ਼ਨ, ੧੯੭੭, ਪੰਨਾ ੭੪, ੬੪

www.AKJ.Org

ਗ੍ਰੰਥ ਨੂੰ ਸੌਂਪ ਕੇ ਗੁਰੂ-ਗ੍ਰੰਥ† ਸਾਹਿਬ ਦਾ ਦਰਜਾ ਦਿਤਾ ਤੇ ਸਮੁੱਚੇ ਪੰਥ ਨੂੰ ਪੰਜ ਪਿਆਰਿਆਂ ਦੇ ਰਾਹੀਂ ਮੀਰੀ ਸੌਂਪ ਕੇ ਖਾਲਸਾ ਪੰਥ ਬਣਾਇਆ, ਜਿਸਨੂੰ ਗੁਰੂ-ਪੰਥ ਦਾ ਰੁਤਬਾ ਬਖ਼ਸ਼ਿਆ। ਇਸ ਤਰ੍ਹਾਂ ਜਦੋਂ ਗੁਰੂ-ਪਦ ਦਾ ਮੀਰੀ ਪਹਿਲੂ ਪੰਥ ਵਿਚ ਸਮਾ ਗਿਆ ਤਾਂ ਸਿਖਾਂ ਦਾ ਧਾਰਮਿਕ ਫ਼ਿਰਕਾ ਇਕ ਕੌਮ ( Nation ) ਦੇ ਰੂਪ ਵਿਚ ਪ੍ਰਗਟ ਹੋਇਆ :

ਖਾਲਸਾ ਮੇਰੋ ਰੂਪ ਹੈ ਖਾਸ ॥ ਖ਼ਾਲਸੇ ਮਹਿ ਹੌਂ ਕਰੌਂ ਨਿਵਾਸ ॥
ਖਾਲਸਾ ਅਕਾਲ ਪੁਰਖ ਕੀ ਫ਼ੌਜ ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ ॥
(ਸਰਬ ਲੋਹ ਗ੍ਰੰਥ ਵਿਚੋਂ)

ਅਕਾਲ ਤਖ਼ਤ ਅਗੇ ਝੂਲ ਰਹੇ ਅਕਾਲੀ-ਝੰਡੇ ਖ਼ਾਲਸਾ ਕੌਮ ਦੀ 'ਦੀਨ ਦੁਨੀਆ' ਦੀ ਸੱਚੀ ਪਾਤਸ਼ਾਹੀ ਦੇ ਲਖਾਇਕ ਹਨ, ਜਿਨ੍ਹਾਂ ਦੀ ਤਾਬਿਆ ਰਹਿ ਕੇ ਸਮੁੱਚੀ ਕੌਮ ਨੇ ਵਿਸ਼ਵ ਵਿਚ "ਹਲੇਮੀ ਰਾਜ" ਦਾ ਵਾਤਾਵਰਣ ਪੈਦਾ ਕਰਨ ਲਈ ਜੂਝਦੇ ਰਹਿਣਾ ਹੈ।

(੨)

ਰਾਇ ਬਲਵੰਡ ਅਤੇ ਸੱਤੇ ਡੂਮ ਨੇ 'ਰਾਮਕਲੀ ਕੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਸਪੱਸ਼ਟ ਕਰਦਿਆਂ ਦਰਸਾਇਆ ਹੈ ਕਿ ਉਨ੍ਹਾਂ ਨੇ ਐਸਾ ਰਾਜ ਕਾਇਮ ਕੀਤਾ ਜਿਸ ਦਾ ਸੱਚ ਰੂਪ ਕਿਲ੍ਹਾ ਤਕੜੀ ਨੀਂਹ ਤੇ ਉਸਾਰਿਆ— ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵਦੈ ॥ (ਪੰਨਾ ੯੬੬)

ਧਰਮ ਦੇ ਵਿਸ਼ਾਲ ਅਰਥਾਂ ਵਿਚ ਇਸ ਦਾ ਭਾਵ ਇਹ ਹੈ ਕਿ ਸਿੱਖ ਲਹਿਰ ਨੇ ਅਰੰਭ ਤੋਂ ਹੀ ਪੀਰੀ ਦੇ ਨਾਲ ਮੀਰੀ ਨੂੰ ਅਪਣਾਇਆ ਹੋਇਆ ਹੈ। ਗੁਰੂ ਨਾਨਕ ਜੀ ਨੇ ਆਪਣੀਆਂ ਉਦਾਸੀਆਂ ਦੇ ਦੌਰਾਨ ਥਾਂ ਥਾਂ ਸੰਗਤਾਂ ਕਾਇਮ ਕਰ ਕੇ ਮੀਰੀ ਦੇ ਸੰਸਥਾਈ ਰੂਪ ਨੂੰ ਵਿਕਸਤ ਕੀਤਾ। ਉਨ੍ਹਾਂ ਦੀ ਬਾਣੀ ਵਿਚ ਮੌਕੇ ਦੀ ਹਕੂਮਤ ਦੀ ਕਰੜੇ ਸ਼ਬਦਾਂ ਵਿਚ ਕੀਤੀ ਗਈ ਨਿਖੇਧੀ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਗੁਰੂ ਸਾਹਿਬ ਨੇ ਪਰਾਈ ਸਿਆਸਤ ਨੂੰ ਖ਼ੂਬ ਵੰਗਾਰਿਆ। ਉਨ੍ਹਾਂ ਨੇ ਪਰਾਈ ਬੋਲੀ‡ ਦੀ ਵਰਤੋਂ ਨੂੰ ਕੋਸ ਕੇ ਆਪਣੀ ਮਾਤ-ਭਾਸ਼ਾ ਲਈ ਪਿਆਰ ਦਾ ਪ੍ਰਚਾਰ ਕੀਤਾ, ਜਿਸਨੂੰ ਕੋਈ ਵੀ ਹਕੂਮਤ ਸਹਾਰ ਨਹੀਂ ਸੀ ਸਕਦੀ। ਜਦੋਂ ਉਨ੍ਹਾਂ ਵੇਖਿਆ ਕਿ ਪਰਜਾ ਨੂੰ ਆਪਣੇ ਹੱਕਾਂ ਦੀ ਸੋਝੀ() ਨਹੀਂ ਹੈ ਅਤੇ ਉਹ ਰਾਜਿਆਂ ਵਲੋਂ ਹੋ ਰਹਿਆ ਧੱਕਾ ਬਰਦਾਸ਼ਤ ਕਰੀ ਜਾਂਦੇ ਹਨ ਤਾਂ ਗੁਰੂ ਸਾਹਿਬ ਨੇ ਜਨਤਾ ਨੂੰ ਹਲੂਣਾ ਦੇ ਕੇ ਜਗਾਇਆ। ਗੁਰੂ ਅੰਗਦ ਦੇਵ ਜੀ ਨੇ ਗੁਰਮੁਖੀ ਅਖਰਾਂ ਦਾ ਪ੍ਰਚਾਰ, ਬਾਣੀ ਤੇ ਇਤਿਹਾਸ ਦੀ ਸੰਭਾਲ, ਮੱਲ ਅਖਾੜੇ ਰਚਾ ਕੇ, ਸੰਗਤ ਤੇ ਪੰਗਤ ਦੇ ਰਾਹੀਂ ਸਿੱਖ ਜਥੇਬੰਦੀ ਨੂੰ ਹੋਰ ਮਜ਼ਬੂਤ ਕਰ ਦਿਤਾ। ਭੱਟ ਕਲ੍ਹਸਹਾਰ ਨੇ ਖ਼ੂਬ ਲਿਖਿਆ ਹੈ ਕਿ "ਫੇਰੂ ਦਾ ਸ਼ੀਂਹ ਵਰਗਾ ਪੁੱਤਰ, ਭਾਈ ਲਹਿਣਾ ਜਗਤ-ਗੁਰੂ ਹੋ ਕੇ ਰਾਜ ਜੋਗ ਮਾਣਦਾ ਹੈ : ਗੁਰੁ ਜਗਤ ਫਿਰਣ ਸੀਂਹ ਅੰਗਰਉ ਰਾਜੁ ਜੋਗੁ ਲਹਣਾ ਕਰੈ ॥੫॥ (ਪੰਨਾ ੧੩੯੧)

ਗੁਰੂ ਅਮਰਦਾਸ ਜੀ ਨੇ ਸਿੱਖ ਸਮਾਜ ਵਿਚ ਉਭਰ ਰਹੀ ਸੱਤਾ ਨੂੰ ਬਲਵਾਨ ਸੇਧ ਦਿੰਦਿਆਂ 'ਮੰਜੀ' ਦੀ ਪ੍ਰਥਾ ਕਾਇਮ ਕਰ ਕੇ ਸੰਗਠਿਤ ਰੂਪ ਦਿਤਾ। ਭੱਟ ਕਲ੍ਹ ਸਹਾਰ ਨੇ ਤੀਜੇ ਪਾਤਸ਼ਾਹ ਦੀ ਕੀਰਤੀ ਗਾਉਂਦਿਆਂ ਫ਼ੁਰਮਾਇਆ ਹੈ, "ਗੁਰੂ ਅਮਰਦਾਸ ਜੀ ਸੱਚ ਨੂੰ ਪ੍ਰਗਟ ਕਰਨ ਵਾਲੇ ਸੂਰਮੇ ਹਨ, ਸ਼ੀਲਵੰਤ ਹਨ, ਸ਼ਾਂਤ ਸੁਭਾਉ ਦੇ ਮਾਲਕ ਹਨ, ਬਹੁਤ ਹੀ ਡੂੰਘੀ ਮਤਿ ਵਾਲੇ ਹਨ, ਨਿਰਵੈਰ ਹਨ, ਧੀਰਜਵਾਨ ਹਨ, ਘਣੀ ਸੰਗਤਿ ਵਾਲੇ ਹਨ, ਜਿਨ੍ਹਾਂ ਦੇ ਦੀਵਾਨ ਹਰ ਸਮੇਂ ਲਗੇ ਰਹਿੰਦੇ ਹਨ। ਗੋਇੰਦਵਾਲ ਜਾਈਏ ਤਾਂ ਇੰਜ ਪ੍ਰਤੀਤ ਹੁੰਦਾ ਹੈ ਕਿ ਚਾਰੇ ਪਾਸੇ ਸ਼ਾਂਤੀ ਛਾਈ ਹੋਈ ਹੈ, ਜਿਹਾ ਕਿ ਉਨ੍ਹਾਂ ਦੇ ਚਿੱਟਾ ਝੰਡਾ ਲਹਿਰਾਉਣ ਤੋਂ ਪ੍ਰਤੱਖ ਹੈ :

ਸਤਿ ਸੂਰਉ ਸੀਲ ਬਲਵੰਤੁ ਸਤ ਭਾਇ ਸੰਗਤਿ ਸਘਨ, ਗਰੂਅ ਮਤਿ, ਨਿਰਵੈਰਿ ਲੀਣਾ ॥

---

† ਦਸਵੇਂ ਪਾਤਸ਼ਾਹ ਤੋਂ ਬਾਅਦ ਪੀਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਚਰਦੀ ਹੈ, ਇਸ ਦਾ ਇਹ ਅਰਥ ਹੈ ਕਿ ਕੋਈ ਵੀ ਦੇਹਧਾਰੀ "ਪੀਰੀ" ਅਥਵਾ ਗੁਰੂ-ਪਦ ਦਾ ਦਾਅਵਾ ਨਹੀਂ ਕਰ ਸਕਦਾ। "ਮੀਰੀ" ਖਾਲਸੇ ਵਿਚ ਵਿਚਰਦੀ ਹੈ. ਜਿਸਦਾ ਭਾਵ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹਲਤ-ਮੁਖੀ ਪ੍ਰਭਤਾ [ਮੀਰੀ] ਨੂੰ ਲੋਕ-ਤੰਤ੍ਰੀ ਰੂਪ-ਰੇਖਾ ਪ੍ਰਦਾਨ ਕੀਤੀ ਹੈ। ਖਾਲਸਾ ਤੰਤ੍ਰ ਲੋਕ ਤੰਤ੍ਰ ਦਾ ਆਦਰਸ਼-ਰੂਪ ਹੈ।

‡ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ (ਬਸੰਤ ਮ: ੧, ਪੰਨਾ ੧੧੯੧

()ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ ॥ (ਆਸਾ ਦੀ ਵਾਰ, ਮ: ੧, ਪੰਨਾ ੪੬੯)



www.AKJ.Org

ਜਿਸੁ ਧੀਰਜ ਧੁਰਿ ਧਵਲੁ ਧੁਜਾ ਸੇਤਿ ਬੈਕੁੰਠ ਬੀਣਾ ॥ (ਪੰਨਾ ੧੩੯੩)

ਉਪਰੋਕਤ ਸਵੱਈਏ ਚੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਬਾਉਲੀ ਸਾਹਿਬ ਦੇ ਕੰਢੇ ਤੇ ਇਤਿਹਾਸਕ ਤੌਰ ਤੇ ਸੱਭ ਤੋਂ ਪਹਿਲਾ ਨਿਸ਼ਾਨ ਸਾਹਿਬ ਲਹਿਰਾ ਦਿਤਾ ਸੀ, ਜਿਸਦਾ ਰੰਗ ਚਿੱਟਾ ਸੀ। ਅਕਬਰ ਦੇ ੨੨ ਸੂਬਿਆਂ ਦੇ ਮੁਕਾਬਲੇ ਤੇ ਬਾਈ ਮੰਜੀਆਂ ਦੀ ਹੀ ਸਥਾਪਨਾ ਕਰਨੀ ਇਸ ਗੱਲ ਦਾ ਪ੍ਰਗਟਾਵਾ ਕਰਦਾ ਹੈ ਕਿ ਗੁਰੂ-ਘਰ ਵਿਚ ਮੀਰੀ-ਕਿਰਦਾਰ ਉੱਭਰ ਰਿਹਾ ਸੀ; ਚਿੱਟਾ ਝੰਡਾ ਮੀਰੀ ਤੇ ਪੀਰੀ ਦਾ ਲਖਾਇਕ ਹੈ, ਜੋ ਇਲਾਹੀ ਰਾਜ ਦਾ ਸੰਦੇਸ਼ ਦਿੰਦਾ ਹੈ। ਚਿੱਟਾ ਰੰਗ ਆਤਕਮ ਰੰਗ ਪੱਧਰ ਦਾ ਸੂਚਕ ਹੈ, ਸੰਤ-ਆਤਮਾਂ ਦਾ ਪ੍ਰਤੀਕ ਹੈ, ਅਤੇ ਸੁਲਹਾ, ਅਮਨ, ਪਿਆਰ, ਪਵਿਤਰਤਾ ਤੇ ਭਗਤੀ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਦੂਜੀ ਵਿਸ਼ਵ-ਜੰਗ ਤੋਂ ਬਾਅਦ ਯੂ. ਐਨ. ਓ. ਦੀ ਜੋ ਸੰਸਥਾ ਹੋਂਦ ਵਿਚ ਆਈ, ਉਸ ਨੇ ਵੀ ਆਪਣੇ ਝੰਡੇ ਦੀ 'ਐਮਬਲਿਮ*' (Emblem) ਦਾ ਰੰਗ ਚਿੱਟਾ ਹੀ ਰਖਿਆ :

"On october 20, 1947 the General Assembly adopted a flag of the United Nations. Its design consists of the official emblem in white centred on a light blue background."‡

ਗੁਰੂ ਅਮਰਦਾਸ ਜੀ ਨੇ ਯੂ. ਐਨ. ਓ. ਦੀ ਸਥਾਪਤੀ ਤੋਂ ਤਕਰੀਬਨ ਚਾਰ ਸਦੀਆਂ ਪਹਿਲਾਂ ਹੀ ਚਿੱਟਾ ਝੰਡਾ ਲਹਿਰਾ ਕੇ ਸਾਰੇ ਵਿਸ਼ਵ ਨੂੰ ਅਮਨ ਤੇ ਸ਼ਾਂਤੀ ਦਾ ਅਦੁੱਤੀ ਪੈਗਾਮ ਦਿਤਾ। ਗੁਰੂ ਰਾਮਦਾਸ ਪਾਤਸ਼ਾਹ ਦੇ ਵੇਲੇ ਗੋਇੰਦਵਾਲ ਵਿਖੇ ਇਹ ਝੰਡਾ ਲਹਿਰ ਰਿਹਾ ਸੀ, ਜਿਸ ਦੀ ਸਾਖੀ ਭਰਦਿਆਂ ਭੱਟ ਮਥੁਰਾ ਨੇ ਦਰਸਾਇਆ ਹੈ ਕਿ, "ਜਿਸ ਸਮਰੱਥ ਗੁਰੂ ਦਾ ਧਰਮ ਦਾ ਝੰਡਾ ਸਦਾ ਝੂੱਲ ਰਿਹਾ ਹੈ, ਮੈਂ ਉਸ ਦੀ ਸ਼ਰਨ ਲਈ ਹੈ, ਕਿਉਂਕਿ ਉਸ ਧਰਮ-ਧੁਜਾ ਦੀ ਫਰਫਰਾਹਟ ਦੇ ਨਾਲ ਪਾਪਾਂ ਦੀਆਂ ਲਹਿਰਾਂ (Negative Vibrations) ਦੂਰ ਹੋ ਜਾਂਦੀਆਂ ਹਨ :

ਫੁਨਿ, ਧ੍ਰੰਮ ਧੁਜਾ ਫਹਰੰਤਿ ਸਦਾ, ਅਘ ਪੁੰਜ ਤਰੰਗ ਨਿਵਾਰਨ ਕਉ ॥
ਮਥੁਰਾ ਜਨ ਜਾਨਿ ਕਹੀ ਜੀਅ ਸਾਚੁ, ਸੁ ਅਉਰ ਕਛੂ ਨ ਬਿਚਾਰਨ ਕਉ ॥
(ਸਵੱਈਏ ਮਹਲੇ ੪ ਕੇ, ਪੰਨਾ ੧੪੦੪)

ਗੁਰੂ ਅਰਜਨ ਦੇਵ ਜੀ ਨੇ ਸਿੱਖ-ਲਹਿਰ ਦਾ ਉਦੇਸ਼ "ਹਲੇਮੀ ਰਾਜ" ਦੀ ਸਥਾਪਨਾ ਦਰਸਾ ਕੇ ਉਸਦੇ ਇਲਾਹੀ ਮੈਨੀਫਿਸਟੋ ਨੂੰ ਇਨ੍ਹਾਂ ਸ਼ਬਦਾਂ ਵਿਚ ਪ੍ਰਸਤੁਤ ਕੀਤਾ :

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥ (ਸਿਰੀ ਰਾਗੁ ਮ: ੫, ਪੰਨਾ ੭੪)

ਭੱਟ ਕਲ੍ਹ ਸਹਾਰ ਨੇ ਪੰਜਵੇਂ ਪਾਤਸ਼ਾਹ ਦਾ ਜਸ ਗਾਉਂਦਿਆਂ ਖੂਬ ਲਿਖਿਆ ਹੈ ਕਿ, "ਹੇ ਗੁਰੂ ਅਰਜਨ ਜੀ! ਗੁਰੂ ਰਾਮਦਾਸ ਜੀ ਦੇ ਸਪੁੱਤਰ! ਤੁਹਾਡੀ ਮਹਿਮਾ ਸਾਰੇ ਜਗਤ ਵਿਚ ਹੋ ਰਹੀ ਹੈ। ਤੁਸੀਂ ਹਰ ਸਮੇਂ ਪਲਤ-ਮੁਖੀ ਹੋ ਕੇ ਵਾਹਿਗੁਰੂ ਨਾਲ ਜੁੜੇ ਰਹਿੰਦੇ ਹੋ ਤੇ ਨਾਲ ਹੀ ਹਲਤ ਸੰਵਾਰਨ ਲਈ ਧਰਤੀ ਦਾ ਭਾਰ ਸਹਿ ਰਹੇ ਹੋ। ਤੁਸੀਂ ਡਰ ਤੇ ਤੌਖਲੇ ਦੂਰ ਕਰਨ ਵਾਲੇ ਹੋ, ਪਰਾਈ ਪੀੜ ਹਰਨ ਵਾਲੇ ਹੋ ਅਤੇ ਧਰਮ ਦੇ ਝੰਡਾ-ਬਰਦਾਰ ਹੋ :

ਜੈ ਜੈਕਾਰੁ ਜਾਸੁ ਜਗ ਅੰਦਰਿ ਮੰਦਰਿ ਭਾਗੁ ਜੁਗਤਿ ਸਿਵ ਰਹਤਾ ॥
ਗੁਰ ਪੂਰਾ ਪਾਯਉ ਬਡਭਾਗੀ ਲਿਵ ਲਾਗੀ ਮੇਦਨਿ ਭਰੁ ਸਹਤਾ ॥

---

*Un Emblem is as follows : "A map of the world representing an azimuthal equidistant proejction centred on the North pole, inscribed in a wreath consisting of crossed conventionalized branches of the Olive tree in gold on a field of smoke blue with all water areas in white. The projection of the map extends to 60° south latitude and includes five Concentric circles." Year book of the UN 1946-47
Department of Public information, UN, Lake Success New york 1947, Page 251

‡Everyman's United Nations, UN Publication
Seventh Edition oct. 1964, Page 449.


www.AKJ.Org

ਭਯਭੰਜਨੁ ਪਰ ਪੀਰ ਨਿਵਾਰਨੁ, ਕਲੁ ਸਹਾਰੁ ਤੋਹਿ ਜਸੁ ਬਕਤਾ॥
ਕੁਲਿ ਸੋਢੀ, ਗੁਰ ਰਾਮਦਾਸ ਤਨੁ, ਧਰਮ ਧੁਜਾ, ਅਰਜੁਨੁ ਹਰਿ ਭਗਤਾ॥ (ਪੰਨਾ ੧੪੦੭)

ਧਰਮ ਦੇ ਝੰਡੇ ਨੂੰ ਬੁਲੰਦ ਰਖਣ ਦੇ ਲਈ ਪੰਚਮ ਪਾਤਸ਼ਾਹ ਨੇ ਤੱਤੀ ਤਵੀ ਤੇ ਬੈਠਣਾ ਸਵੀਕਾਰ ਕੀਤਾ, ਜਿਸ ਦੇ ਨਾਲ ਸਿੱਖ-ਲਹਿਰ ਵਿਚ ਸ਼ਹੀਦੀਆਂ ਦਾ ਦੌਰ ਅਰੰਭ ਹੋਇਆ। ਇਸ ਤਰ੍ਹਾਂ ਚਿੱਟੇ ਝੰਡੇ ਤੇ ਜਦੋਂ ਸ਼ਹਾਦਤ ਦਾ ਰੰਗ ਚੜ੍ਹ ਗਿਆ ਤਾਂ ਉਹ 'ਕੇਸਰੀ ਨਿਸ਼ਾਨ ਸਾਹਿਬ'' ਦਾ ਰੂਪ ਧਾਰਨ ਕਰ ਗਿਆ। ਕੇਸਰੀ ਰੰਗ ਭਾਰਤੀ ਸਭਿਆ-ਚਾਰ ਵਿਚ ਵਿਜੈ, ਕੁਰਬਾਨੀ, ਪ੍ਰਭੁਤਾ ਤੇ ਬਾਦਸ਼ਾਹਤ ਦਾ ਚਿੰਨ੍ਹ ਮੰਨਿਆ ਜਾਂਦਾ ਹੈ। ਕੇਸਰ ਦੀ ਬਖਸ਼ਿਸ਼ ਗੁਰੂ ਨਾਨਕ ਜੀ ਨੇ ਭਾਈ ਲਹਿਣਾ ਜੀ ਨੂੰ ਗੁਰਿਆਈ ਦੇਣ ਵੇਲੇ ਕੀਤੀ। ਕੇਸਰੀ ਰੰਗ ''ਵਾਹਿਗੁਰੂ ਜੀ ਕੀ ਫਤਹ'' ਦਾ ਲਖਾਇਕ ਹੈ।

ਗੁਰੂ ਹਰਿਗੋਬਿੰਦ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕਰ ਕੇ ਜ਼ਾਹਿਰ ਕਰ ਦਿਤਾ ਕਿ ਗੁਰੂਤ੍ਵ ਤੇ ਹਲਟ-ਮੁਖੀ ਤੇ ਧਲਤ-ਮੁਖੀ ਪ੍ਰਭੁਤਾ ਦੋਵੇਂ ਕੇਂਦਰਿਤ ਹਨ। ਦੁਨਿਆਵੀ ਝੂਠੇ ਪਾਤਸ਼ਾਹਾਂ ਦੇ ਮੁਕਾਬਲੇ ਤੇ ਸ਼ਰਧਾਵਾਨ ਸਿੱਖ ਉਨ੍ਹਾਂ ਨੂੰ ਪਿਆਰ ਨਾਲ ''ਸੱਚੇ ਪਾਤਸ਼ਾਹ'' ਆਖਦੇ ਸਨ। ਹਰਿਮੰਦਰ ਸਾਹਿਬ ਦੇ ਸਾਹਮਣੇ ੧੬੦੮ ਈ: ਨੂੰ ਅਕਾਲ ਤਖ਼ਤ ਦੀ ਸਾਜਨਾ ਕਰ ਕੇ ਛੇਵੇਂ ਪਾਤਸ਼ਾਹ ਨੇ 'ਕੇਸਰੀ ਝੰਡਾ' ਗੱਡ ਦਿਤਾ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿਤਾ ਗਿਆ ਤਾਂ ਹਕੂਮਤ ਵਿਰੁੱਧ ਰੋਸ ਪ੍ਰਗਟ ਕਰਨ ਲਈ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਨੇ ''ਚੌਕੀ ਸਾਹਿਬ'' ਦੀ ਮਰਯਾਦਾ ਤੋਰੀ, ਜਿਸ ਵਿਚ ੫੦੦ ਸਿਖਾਂ ਦਾ ਜਥਾ ਸ਼ਬਦ-ਕੀਰਤਨ ਕਰਦਾ ਹੋਇਆ ਗਵਾਲੀਅਰ ਜਾਂਦਾ ਸੀ, ਉਨ੍ਹਾਂ ਦੇ ਅਗੇ ਅਗੇ ਇਕ ਸਿੱਖ ਮੁਸ਼ਾਲ ਬਾਲ ਕੇ ਤੇ ਦੂਜਾ ਝੰਡਾ ਚੁੱਕ ਕੇ ਜਲੂਸ ਦੀ ਅਗਵਾਈ ਕਰਦਾ ਸੀ। ਇਸ ਤਰ੍ਹਾਂ 'ਕੇਸਰੀ ਝੰਡੇ' ਦੀ ਤਾਬਿਆ ਪੰਜਾਬ ਦੇ ਸਾਰੇ ਪਿੰਡਾਂ ਵਿਚ ਬਗਾਵਤ ਦੀ ਲਹਿਰ ਦੌੜ ਗਈ, ਥਾਂ ਥਾਂ ਰੋਸ ਪ੍ਰਗਟ ਕਰਨ ਲਈ ਚੌਕੀਆਂ ਨਿਕਲਣੀਆਂ ਸ਼ੁਰੂ ਹੋ ਗਈਆਂ। ਇਸ ਦਾ ਅਸਰ ਇਹ ਹੋਇਆ ਕਿ ਹਕੂਮਤ ਨੂੰ ਝੁਕਣਾ ਪਿਆ ਤੇ ਕੁਝ ਸਮੇਂ ਬਾਅਦ ਹੀ ਗੁਰੂ ਸਾਹਿਬ ਨੂੰ ਰਿਹਾ ਕਰ ਦਿਤਾ ਗਿਆ, ਜਦ ਕਿ ੧੨ ਸਾਲ ਦੀ ਕੈਦ ਦਾ ਹੁਕਮ ਸੀ। ਛੇਵੇਂ ਪਾਤਸ਼ਾਹ ਦੇ ਹਜ਼ੂਰ ਸਿਖਾਂ ਨੇ ਸ਼ਸਤਰਧਾਰੀ ਹੋ ਕੇ ਹਲਤ-ਮੁਖੀ ਪ੍ਰਭੁਤਾ ਦਾ ਦਾਅਵਾ ਕਰਦਿਆਂ ਆਖਣਾ ਸ਼ੁਰੂ ਕਰ ਦਿਤਾ :

''ਬਾਜ ਤਾਜ ਹਮ ਨੇ ਸਭ ਲੈਣੇ॥''

ਇਤਿਹਾਸਕ ਗਵਾਹੀ* ਹੈ ਕਿ ਗੁਰੂ ਤੇਗਬਹਾਦਰ ਜੀ ਕਰਣੀ ਵਾਲੇ ਸਿਖਾਂ ਨੂੰ ਪ੍ਰਚਾਰਕ ਥਾਪਣ ਵੇਲੇ ''ਝੰਡੇ'' ਦੀ ਬਖਸ਼ਿਸ਼ ਵੀ ਕਰਦੇ ਸਨ। ਇਕ ਵਾਰ ਨੌਵੇਂ ਪਾਤਸ਼ਾਹ ਨੇ ਭਾਈ ਰਾਮਦੇਵ ਦੇ ਪਾਣੀ ਪਿਲਾਉਣ, ਛਿੜਕਾਉਣ ਅਤੇ ਇਸ਼ਨਾਨ ਕਰਾਉਣ ਦੀ ਅਣਥਕ ਸੇਵਾ ਤੇ ਰੀਝ ਕੇ ਫੁਰਮਾਇਆ ਸੀ, ''ਭਾਈ ਰਾਮਦੇਵਾ! ਤੂੰ ਤਾਂ ਸਚਮੁੱਚ ਦਾ ਮੀਂਹ ਵਰਸਾ ਦਿਤਾ ਹੈ, ਸੋ ਅਜ ਤੋਂ ਤੂੰ ਸਾਡਾ 'ਮੀਹਾਂ' ਹੀ ਹੋਇਆ। ਹੁਣ ਤੂੰ ਨਾਮ-ਬਾਣੀ ਦੇ ਅੰਮ੍ਰਿਤ ਦੀ ਵਰਖਾ ਭੀ ਕੀਤਾ ਕਰ।'' ਨਾਲ ਹੀ ਗੁਰੂ ਸਾਹਿਬ ਨੇ ਉਸ ਨੂੰ ਇਕ ਦਖਣੀ ਬੈਲ, ਇਕ ਨਗਾਰਾ ਤੇ ਇਕ ਝੰਡਾ ਬਖਸ਼ਿਸ਼ ਵਜੋਂ ਦਿਤਾ ਤਾਂਕਿ ਉਹ ਪ੍ਰਚਾਰ ਗੱਜ ਵੱਜ ਕੇ ਕਰੇ। ਭਾਈ ਮੀਹਾਂ ਸਾਹਿਬ ਨੇ ਮਾਲਵੇ ਤੇ ਦੁਆਬੇ ਵਿਚ ਵਿਚਰ ਕੇ ਥਾਂ ਥਾਂ ਸਿੱਖੀ ਦੇ ਝੰਡੇ ਝੁਲਾਏ।

ਗੁਰੂ ਗੋਬਿੰਦ ਸਿੰਘ ਜੀ ਨੇ 'ਜਾਪੁ ਸਾਹਿਬ' ਦੇ ਵਿਚ ਅਕਾਲਪੁਰਖ ਨੂੰ 'ਨਿਸ਼ਾਨ ਸਾਹਿਬ' ਨਾਲ ਅਭੇਦ ਦਰਸਾ ਕੇ ਇਸ ਦੇ ਦੈਵੀ-ਪੱਖ ਨੂੰ ਖੂਬ ਉਜਾਗਰ ਕੀਤਾ ਹੈ। ਇਹੀ ਕਾਰਨ ਹੈ ਕਿ ਸਾਡਾ 'ਨਿਸ਼ਾਨ ਸਾਹਿਬ' ਇਲਾਹੀ ਹੈ ਤੇ ਅਕਾਲ ਦੇ ਹੁਕਮ ਨਾਲ ਹੀ ਸਾਜਿਆ ਗਿਆ ਹੈ, ਇਹ ਕਿਰਤਮ (ਮਨੁੱਖੀ) ਨਹੀਂ, ਬਲਕਿ ਈਸ਼ਵਰੀ ਕਿਰਤ ਹੈ। ਦੁਨੀਆ ਦੇ ਤਮਾਮ ਝੰਡੇ ਮਾਨਵੀ-ਕ੍ਰਿਤ ਹਨ। ਸਾਡਾ ਨਿਸ਼ਾਨ ਸਾਹਿਬ ਅਕਾਲ ਪੁਰਖ ਦੇ ਸਰੂਪ ਦਾ ਲਖਾਇਕ ਹੈ, ਪ੍ਰਭੂ ਦੇ ਰਾਜ ਦਾ ਪ੍ਰਤੀਕ ਹੈ :—

ਕਿ ਰਾਜੰ ਪ੍ਰਭਾ ਹੈ॥ ਕਿ ਧਰਮੰ ਧੁਜਾ ਹੈ॥੧੦੫॥ [ਜਾਪ ਸਾਹਿਬ]

[ਬਾਕੀ ਦੇਖੋ ਸਫਾ ੩੮ ਉਤੇ]

*ਸਤਿਬੀਰ ਸਿੰਘ, ਇਤੀ ਜਿਨਿ ਕਰੀ, ਪੰਨਾ ੫੪।



www.AKJ.Org

# 'ਸੂਰਾ' ਮਾਸਕ ਪੱਤਰ ਦੇ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਚਿਟ ਨੰ: 3548, 3549, 3571 (2244,2204,2203) ਦੇ ਸਾਢੇ ਸੱਤ ਸੱਤ ਸੱਤ ਸੌ, ਚਿਟ ਨੰ: 3572 (2060) ਦੇ ਢਾਈ ਸੌ ਅਤੇ ਬਾਕੀ ਸਭ ਦੇ ਸੌ ਸੌ ਰੁਪਏ ਪੁਜੇ ਹਨ, ਐਫ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ :

| | | | | |
|---|---|---|---|---|
| 545. ਸ: ਗਿਆਨ ਸਿੰਘ ਕੰਟਰੈਕਟਰ | (ਚਿਟ ਨੰ: | 3545) | 986548/997/79 | ਮਿਤੀ 9-10-79 |
| 546. ਬਾਬਾ ਆਇਆ ਸਿੰਘ ਰਿਆੜਕੀ ਗਰਲਜ਼ ਕਾਲਜ | ( ,, | 3546) | 986549/998/79 | ,, |
| 547. ਸ: ਹਰਭਜਨ ਸਿੰਘ S/o ਸ. ਮੋਹਨ ਸਿੰਘ | ( ,, | 3547) | 986550/999/79 | ,, |
| 548. ਸ. ਦੇਵਾ ਸਿੰਘ ਬੈਂਸ ਕੈਨੇਡਾ | ( ,, | 2244) | 986551/1000/79 | ,, |
| 549. ਸ. ਦਰਸ਼ਨ ਸਿੰਘ ਬਿੰਧ ਕੈਨੇਡਾ | ( ,, | 2204) | 986552/1001/79 | ,, |
| 550. ਸ. ਸਵਰਨ ਸਿੰਘ ਮਠਾਰੂ | ( ,, | 3550) | 986553/1002/79 | ,, |
| 551. ਸ. ਮੋਹਨ ਸਿੰਗ ਸੇਠੀ | ( ,, | 3551) | 986554/1003/79 | ,, |
| 552. ਸ੍ਰੀਮਤੀ ਗੁਰਮੇਜ ਕੌਰ w/o ਸ. ਨਿਰੰਜਨ ਸਿੰਘ | ( ,, | 3552) | 986555/1004/79 | ,, |
| 553. ਸ. ਸੁਰਜੀਤ ਸਿੰਘ | ( ,, | 3553) | 986556/1005/79 | ,, |
| 554. ਸ. ਅਮਰ ਸਿੰਘ ਭਾਟੀਆ | ( ,, | 3554) | 986557/1006/79 | ,, |
| 555. ਸ. ਕਿਰਪਾਲ ਸਿੰਘ ਨੰਬਰਦਾਰ | ( ,, | 3555) | 986558/1007/79 | ,, |
| 556. ਸ. ਹਰਦਿਤ ਸਿੰਘ | ( ,, | 3556) | 986559/1·08/79 | ,, |
| 557. ਸ ਰੰਜੀਤ ਸਿੰਘ | ( ,, | 3557) | 986560/1009/79 | ,, |
| 558. ਸ. ਭੁਪਿੰਦਰ ਸਿੰਘ | ( ,, | 3558) | 986561/1010/79 | ,, |
| 559. ਸ. ਹਰਦੇਵ ਸਿੰਘ ਗੁਜਰਾਲ | ( ,, | 3559) | 986562/1011/79 | ,, |
| 560. ਸ. ਸੁਰਿੰਦਰਜੀਤ ਸਿੰਘ | ( ,, | 3560) | 986563/1012/79 | ,, |
| 561. ਸ. ਜਸਬੀਰ ਸਿੰਘ | ( ,, | 3561) | 986564/1013/79 | ,, |
| 562. ਮਿਸਜ਼ ਜੀ. ਕੇ. ਸਿੰਘ | ( ,, | 3562) | 986565/1014/79 | ,, |
| 563. ਸ. ਮਹਿੰਦਰ ਸਿੰਘ ਖੂਹ ਵਾਲੇ | ( ,, | 3563) | 986566/1015/79 | ,, |
| 564. ਸ. ਬਹਾਦਰ ਸਿੰਘ | ( ,, | 3564) | 986567/1016/79 | ,, |
| 565. ਸ. ਹਰਭਜਨ ਸਿੰਘ | ( ,, | 3565) | 986568/1017/79 | ,, |
| 566. ਸ. ਹਰਚਰਨਜੀਤ ਸਿੰਘ | ( ,, | 3566) | 986569/1018/79 | ,, |
| 567. ਸ. ਜੁਗਿੰਦਰ ਸਿੰਘ | ( ,, | 3567) | 986570/1019/79 | ,, |
| 568. ਸ. ਜ਼ਿੰਦਰਪਾਲ ਸਿੰਘ | ( ,, | 3568) | 986571/1020/79 | ,, |
| 569. ਸ. ਮਨੋਹਰ ਸਿੰਘ ਅਨੰਦ | ( ,, | 3569) | 986572/1021/79 | ,, |
| 570. ਸੂਬੇਦਾਰ ਚੰਨਣ ਸਿੰਘ | ( ,, | 3570) | 986573/1022/79 | ,, |
| 571. ਸ. ਅਵਤਾਰ ਸਿੰਘ U.S.A. | ( ,, | 2203) | 986574/1023/79 | ,, |
| 572. ਸ. ਕਰਨੈਲ ਸਿੰਘ U. K. | ( ,, | 2060) | 986597/1046/79 | 24-10-79 |
| 573. Cpl. ਪਰਨਾਮ ਸਿੰਘ | ( ,, | 3573) | 986598/1047/79 | ,, |
| 574. ਸ. ਇੰਦਰ ਸਿੰਘ | ( ,, | 3574) | 986599/1048/79 | ,, |
| 575. ਸ. ਭਾਗ ਸਿੰਘ ਮੁੰਡੇ | ( ,, | 3575) | 986600/1049/79 | ,, |
| 576. ਸ. ਗੁਰਦਿਤ ਸਿੰਘ ਗੁਲਾਟੀ | ( ,, | 3576) | 986601/1050/79 | ,, |
| 577, ਸ. ਜੁਗਿੰਦਰ ਸਿੰਘ | ( ,, | 3577) | 986602/1051/79 | ,, |

www.AKJ.Org

## ਜਲੰਧਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼-ਉਤਸ਼ਵ-ਪ੍ਰੋਗਰਾਮ

| | | |
|---|---|---|
| ੨ ਨਵੰਬਰ | ਸਵੇਰੇ ੫ ਵਜੇ ਅਰੰਭ ਸ੍ਰੀ ਅਖੰਡਪਾਠ | ਲਾਇਲਪੁਰ ਖਾ: ਹਾ: ਸੈ: ਸਕੂਲ, ਨਕੋਦਰ ਰੋਡ |
| | ਸਵੇਰੇ ੬ ਤੋਂ ੧੧ ਅਖੰਡ ਕੀਰਤਨ | ਗੁਰਦਵਾਰਾ ਮਹੱਲਾ ਮਖਦੂਮਪੁਰਾ, ,, ,, |
| | ਸ਼ਾਮ ੬ ਤੋਂ ੯ ਸੋਦਰ ਰਹਿਰਾਸ ਤੇ ਕੀਰਤਨ | ,, ,, ,, ,, |
| ੩ ਨਵੰਬਰ | ਸਵੇਰੇ ੫ ਤੋਂ ੧੦ ਕੀਰਤਨ ਆਸਾ ਦੀ ਵਾਰ | ਸ੍ਰੀ ਗੁਰੂ ਸਿੰਘ ਸਭਾ,ਮਾਡਲ ਹਾਊਸ |
| | ਸ਼ਾਮ ੬ ਤੋਂ ੯ ਸੋਦਰ ਰਹਿਰਾਸ ਤੇ ਕੀਰਤਨ | ਲਾਇਲਪੁਰ ਖਾ: ਹਾ: ਸੈ: ਸਕੂਲ |
| ੪ ਨਵੰਬਰ | ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ੧੨ ਵਜੇ ਤਕ ਕੀਰਤਨ | ,, ,, |
| | ਦੁਪਹਿਰ ਤੋਂ ਪਿਛੋਂ ਅੰਮ੍ਰਿਤ ਸਿੰਚਾਰ ਸਮਾਗਮ | ,, ,, |
| | ਸ਼ਾਮ ਸੋਦਰ ਤੋਂ ਉਪਰੰਤ ਰੈਣ ਸਬਾਈ, ੫ ਨਵੰਬਰ ਸੋਮਵਾਰ ਸਵੇਰੇ ਸਮਾਪਤੀ | ,, ,, |

ਰਿਹਾਇਸ਼—ਲਾਇਲਪੁਰ ਖਾਲਸਾ ਹਾਇਰ ਸੈਕੰਡਰੀ ਸਕੂਲ, ਨਕੋਦਰ ਰੋਡ, ਜਲੰਧਰ

ਬਸ ਦਾ ਰੂਟ ਨਵੇਂ ਅਡੇ ਤੇ ਰੇਲਵੇ ਸਟੇਸ਼ਨ ਤੋਂ ਬਸਤੀ ਸ਼ੇਖ (ਰਸਤੇ ਵਿਚ ਉਪਰੋਕਤ ਸਕੂਲ ਤੇ ਮਾਡਲ ਹਾਊਸ ਹੈ)।

## ਬੰਗਾ ਵਿਖੇ ਸਾਲਾਨਾ ਸ਼ਹੀਦੀ ਗੁਰਪੁਰਬ ਸਮੇਂ ਕੀਰਤਨ ਤੇ ਅੰਮ੍ਰਿਤ-ਸਿੰਚਾਰ

### ੨੨ ਨਵੰਬਰ ਵੀਰਵਾਰ ਸਵੇਰ ਤੋਂ ੨੫ ਨਵੰਬਰ ਐਤਵਾਰ ਸਵੇਰ ਤਕ

ਅਖੰਡ ਕੀਰਤਨੀ ਜਥਾ ਇਲਾਕਾ ਬੰਗਾ ਵਲੋਂ ਹਰ ਸਾਲ ਵਾਂਗ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਸਮੇਂ ਦੂਰੋਂ ਨੇੜਿਉਂ ਅਖੰਡ ਕੀਰਤਨੀ ਜਥੇ ਬੰਗਾ ਵਿਖੇ ਪੁਜ ਰਹੇ ਹਨ। ਪ੍ਰੋਗਰਾਮ :-

| | | |
|---|---|---|
| ੨੨ ਨਵੰਬਰ | ਸਵੇਰੇ ੫ ਵਜੇ ਕੀਰਤਨ ਆਸਾ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡਪਾਠ | ਗੁ: ਸ੍ਰੀ ਚਰਨ ਕੰਵਲ ਬੰਗਾ |
| ੨੩ ਨਵੰਬਰ | ਸ਼ਾਮ ੭ ਤੋਂ ੧੦ ਸਬਦ ਚੌਕੀ | ਗੁਰਦਵਾਰਾ ਨਾਨਕਸਰ, ਅਜ਼ਾਦ ਚੌਕ, ਬੰਗਾ |
| ੨੪ ਨਵੰਬਰ | ਸਵੇਰੇ ਭੋਗ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ ੧੧॥ ਤਕ | ਗੁ: ਸ੍ਰੀ ਚਰਨ ਕੰਵਲ ਬੰਗਾ |
| | ਸ਼ਾਮ ੬ ਵਜੇ ਅਰੰਭ ਅੰਮ੍ਰਿਤ ਸਿੰਚਾਰ ਸਮਾਗਮ | ,, ,, |
| | ੭॥ ਵਜੇ ਅਰੰਭ ਰੈਣ ਸਬਾਈ ਕੀਰਤਨ, ੨੫ ਨੂੰ ਸਵੇਰੇ ਸਮਾਪਤੀ | ,, ,, |

ਪੁਛ ਗਿਛ—ਭਾ: ਕਰਨੈਲ ਸਿੰਘ ਭੋਗਲ, ਫਰਨੀਚਰ ਹਾਊਸ, ਰੇਲਵੇ ਰੋਡ, ਬੰਗਾ।

ਗੁ: ਚਰਨ ਕੰਵਲ ਫਗਵਾੜਾ –ਨਵਾਂ ਸ਼ਹਿਰ ਰੋਡ ਤੇ ਹੈ। ਜਲੰਧਰ ਤੇ ਚੰਡੀਗੜ੍ਹ ਤੋਂ ਬਸਾਂ ਆਂਦੀਆ ਹਨ।


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਜੇਲ੍ਹ ਚਿਠੀਆਂ (ਨਵੇਂ ਰੂਪ ਵਿਚ) | ੧੨-੫੦ | ਅਣਡਿਠੀ ਦੁਨੀਆ ੬-੨੫ ਰੰਗਲੇ ਸਜਣ | ੪-੦੦ |
| ਨਾਮ ਤੇ ਨਾਮ ਦਾ ਦਾਤਾ ਸ਼ਤਿਗੁਰੂ (,,) | ੫-੫੦ | ਗੁਰਮਤਿ ਬਿਬੇਕ ੭-੫੦ ਗੁਰਮਤਿ ਸੱਚ ਨਿਰਣੇ | ੬-੦੦ |
| ਗੁਰਮਤਿ ਵਿਚਾਰ (,,) | ੫-੫੦ | ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ |
| ਗੁਰਮਤਿ ਲੇਖ (,,) | ੫-੫੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਮਤਿ ਪ੍ਰਕਾਸ (,,) | ੩-੭੫ | ਉਮਰ ਕੈਦੀ ਦਾ ਸੁਪਨਾ | ੦ ੪੦ |
| ਸਬਦ ਗੁਰ ਪੀਰਾ ੦-੪੦ ਗੁਰਮਤਿ ਰਮਜ਼ਾਂ | ੧-੩੦ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸਨ | ੦-੩੫ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ | ਬਾਬਾ ਵੈਦ ਰੋਗੀਆਂ ਦਾ ੦-੩੦ ਅੰਮ੍ਰਿਤ ਕਲਾ | ੦-੫੦ |
| ਗੁਰਬਾਣੀ ਦੀ ਪਾਰਸ-ਕਲਾ | ੦-੪੦ | ਸੱਚੀਆਂ ਦਾੜ੍ਹੀਆਂ ੦-੩੦ ਵਾਹਿਗੁਰੂ ਸਿਮਰਨ | ੦-੩੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ |
| ਜੀਵਨ ਚਰਿਤਰ ਭਾ: ਸਾਹਿਬ ਰਣਧੀਰ ਸਿੰਘ ਜੀ | ੧-੦੦ | ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ |

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ


www.AKJ.Org